''ਸਭ ਤੋਂ ਮਹੱਤਵਪੂਰਨ ਨਿਯਮ ਅਤੇ ਸ਼ਰਤਾਂ'' (''ਐਮਆਈਟੀਸੀ'') ਯੈੱਸ ਬੈਂਕ ਦੇ ਸਭ ਕ੍ਰੈਡਿਟ ਕਾਰਡਾਂ/ਕਾਰਡਮੈਂਬਰਾਂ/ਕ੍ਰੈਡਿਟ ਕਾਰਡਾਂ ਦੇ ਆਵੇਦਨ ਕਰਤਾਵਾਂ/ਗਾਹਕਾਂ/ਯੈੱਸ ਬੈਂਕ ਕ੍ਰੈਡਿਟ ਕਾਰਡ ਉਤਪਾਦਾਂ ਵਿੱਚ ਦਿਲਚਸਪੀ ਵਿਖਾਉਣ ਵਾਲੇ ਆਮ ਜਨਤਾ ਦੇ ਮੈਂਬਰਾਂ 'ਤੇ ਲਾਗੂ ਹੁੰਦੇ ਹਨ। ਐਮਆਈਟੀਸੀ ਯੈੱਸ ਬੈਂਕ ਦੀ ਮਰਜ਼ੀ ਅਨੁਸਾਰ ਅਤੇ ਸਮੇਂ-ਸਮੇਂ ਲਾਗੂ ਕਾਨੂੰਨਾਂ ਅਨੁਸਾਰ ਬਦਲ ਸਕਦੇ ਹਨ ਅਤੇ ਇਹ ਕਾਰਡਮੈਂਬਰ ਐਗਰੀਮੈਂਟ (''ਕਾਰਡਮੈਂਬਰ ਐਗਰੀਮੈਂਟ'') ਦੇ ਨਿਯਮਾਂ ਅਤੇ ਸ਼ਰਤਾਂ ਤੋਂ ਵਧੀਕ ਹਨ ਅਤੇ ਇਹਨਾਂ ਦੇ ਨਾਲ ਹੀ ਪੜ੍ਹੇ ਜਾਣਗੇ। ਜੇ ਐਮਆਈਟੀਸੀ ਅਤੇ ਕਾਰਡਮੈਂਬਰ ਐਗਰੀਮੈਂਟ ਵਿਚਕਾਰ ਕੋਈ ਵਿਰੋਧਤਾ ਹੋਵੇ, ਤਾਂ ਜਦ ਤਕ ਇੱਥੇ ਕੁਝ ਹੋਰ ਨਿਰਧਾਰਿਤ ਨਾ ਕੀਤਾ ਗਿਆ ਹੋਵੇ, ਕਾਰਡਮੈਂਬਰ ਐਗਰੀਮੈਂਟ ਨੂੰ ਮੰਨਿਆ ਜਾਏਗਾ।

ਇੱਥੇ ਵਰਤੀ ਗਈ ਮੋਟੇ ਅੱਖਰਾਂ ਵਾਲੀ ਸਾਰੀ ਸ਼ਬਦਾਵਲੀ, ਪਰ ਜਿਸ ਦੀ ਕੋਈ ਪਰਿਭਾਸ਼ਾ ਇੱਥੇ ਨਹੀਂ ਕੀਤੀ ਗਈ, ਦੇ ਅਰਥ ਉਹੋ ਹੋਣਗੇ ਜੋ ਕਿ ਕਾਰਡਮੈਂਬਰ ਐਗਰੀਮੈਂਟ ਵਿੱਚ ਦੱਸੇ ਗਏ ਹਨ।

## 1. ਫ਼ੀਸ ਅਤੇ ਚਾਰਜਜ਼

### ਏ. ਵਾਰਸ਼ਿਕ ਮੈਂਬਰਸ਼ਿਪ ਫ਼ੀਸ

ਵਾਰਸ਼ਿਕ ਮੈਂਬਰਸ਼ਿਪ ਫ਼ੀਸ ਪ੍ਰਾਇਮਰੀ ਅਤੇ ਐਡ-ਆਨ ਕ੍ਰੈਡਿਟ ਕਾਰਡ(ਡਾਂ) ਉੱਤੇ ਲਾਗੂ ਹੋਏਗੀ। ਇਹ ਫ਼ੀਸਾਂ ਇਸ ਆਧਾਰ 'ਤੇ ਵੱਖ-ਵੱਖ ਹੋ ਸਕਦੀਆਂ ਹਨ ਕਿ ਕਾਰਡਮੈਂਬਰ ਨੇ ਕਿਸ ਤਰ੍ਹਾਂ ਦੀ ਆਫ਼ਰ ਅਧੀਨ ਯੈੱਸ ਬੈਂਕ ਕ੍ਰੈਡਿਟ ਕਾਰਡ ਹਾਸਲ ਕੀਤਾ ਹੈ। ਇਸ ਬਾਰੇ ਕ੍ਰੈਡਿਟ ਕਾਰਡ ਦਾ ਆਵੇਦਨ ਕਰਨ ਦੇ ਸਮੇਂ ਹੀ ਕਾਰਡਮੈਂਬਰ ਨੂੰ ਸੂਚਿਤ ਕਰ ਦਿੱਤਾ ਜਾਂਦਾ ਹੈ। ਇਹ ਫ਼ੀਸਾਂ, ਬਸ਼ਮੂਲ, ਕਿਸੇ ਵੀ ਐਡ-ਆਨ ਕਾਰਡਮੈਂਬਰ(ਰਾਂ) ਲਈ ਫ਼ੀਸਾਂ ਦੇ, ਜਿਵੇਂ ਕਿ ਲਾਗੂ ਹੋਣ, ਇਸ਼ੂ ਕਰਨ/ਨਵੀਨੀਕਰਨ ਕਰਨ 'ਤੇ ਕਾਰਡਮੈਂਬਰ ਦੇ ਕ੍ਰੈਡਿਟ ਕਾਰਡ ਅਕਾਊਂਟ ਨੂੰ ਬਿੱਲ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਜਿਸ ਮਹੀਨੇ ਵਿੱਚ ਇਹ ਬਿੱਲ ਕੀਤੀਆਂ ਜਾਂਦੀਆਂ ਹਨ, ਉਸ ਮਹੀਨੇ ਦੀ ਕ੍ਰੈਡਿਟ ਕਾਰਡ ਸਟੇਟਮੈਂਟ ਵਿੱਚ ਪ੍ਰਦਰਸ਼ਿਤ ਹੋਣਗੀਆਂ। ਕ੍ਰੈਡਿਟ ਕਾਰਡ ਨੂੰ ਬੰਦ ਕਰਨ 'ਤੇ ਫ਼ੀਸ ਦਾ ਕੋਈ ਰੀਫ਼ੰਡ ਲਾਗੂ ਨਹੀਂ ਹੋਏਗਾ।

### ਬੀ. ਕੈਸ਼ ਅਡਵਾਂਸ ਫ਼ੀਸ

ਕਾਰਡਮੈਂਬਰ ਭਾਰਤ ਅਤੇ ਵਿਦੇਸ਼ਾਂ ਵਿੱਚ ਏਟੀਐਮਾਂ ਤੋਂ 24 ਘੰਟੇ ਕੈਸ਼ ਤਕ ਪਹੁੰਚਣ ਲਈ ਕ੍ਰੈਡਿਟ ਕਾਰਡ ਦੀ ਵਰਤੋਂ ਕਰ ਸਕਦਾ ਹੈ। ਕਢਾਈ ਗਈ ਰਕਮ ਉੱਤੇ 2.5% (ਘੱਟੋਘੱਟ ₹300) ਦੀ ਇਕ ਟ੍ਰਾਂਜ਼ੈਕਸ਼ਨ ਫ਼ੀਸ ਲਗਾਈ ਜਾਏਗੀ ਜੋ ਅਗਲੀ ਮਾਸਿਕ ਸਟੇਟਮੈਂਟ ਵਿੱਚ ਕਾਰਡਮੈਂਬਰ ਨੂੰ ਬਿੱਲ ਕੀਤੀ ਜਾਏਗੀ। ਟ੍ਰਾਂਜ਼ੈਕਸ਼ਨ ਫ਼ੀਸ ਯੈੱਸ ਬੈਂਕ ਦੀ ਇਕਹਿਰੀ ਮਰਜ਼ੀ ਨਾਲ ਬਦਲੀ ਜਾ ਸਕਦੀ ਹੈ। ਸਭ ਕੈਸ਼ ਅਡਵਾਂਸ ਟ੍ਰਾਂਜ਼ੈਕਸ਼ਨਾਂ 'ਤੇ ਇਕ ਫ਼ਾਇਨੈਂਸ ਚਾਰਜ ਵੀ ਲਗਦਾ ਹੈ ਜੋ ਕਿ ਰੀਵਾਲਵਿੰਗ ਕ੍ਰੈਡਿਟ (ਕਿਰਪਾ ਕਰਕੇ ਵੇਖੋ ਸ਼ਡਿਊਲ ਆਫ਼ ਚਾਰਜਜ਼) 'ਤੇ ਚਾਰਜ ਦੇ ਬਰਾਬਰ ਹੁੰਦਾ ਹੈ ਅਤੇ ਕੈਸ਼ ਕਢਾਉਣ ਦੀ ਮਿਤੀ ਤੋਂ ਪੂਰੇ ਭੁਗਤਾਨ ਤਕ ਲਗਾਇਆ ਜਾਂਦਾ ਹੈ। ਇਹ ਲਾਗੂ ਫ਼ਾਇਨੈਂਸ ਚਾਰਜ ਯੈੱਸ ਬੈਂਕ ਦੀ ਇਕਹਿਰੀ ਮਰਜ਼ੀ ਅਨੁਸਾਰ ਬਦਲਿਆ ਜਾ ਸਕਦਾ ਹੈ।

### ਸੀ. ਹੋਰ ਚਾਰਜਜ਼

- ਫ਼ੀਸਾਂ ਅਤੇ ਚਾਰਜਜ਼, ਜਿਵੇਂ ਕਿ ਸਮੇਂ-ਸਮੇਂ ਲਾਗੂ ਹੋਣ, ਯੈੱਸ ਬੈਂਕ ਦੁਆਰਾ ਕਾਰਡਮੈਂਬਰ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਨਿਰਧਾਰਿਤ ਸੇਵਾਵਾਂ ਲਈ ਜਾਂ ਕਾਰਡਮੈਂਬਰ ਰਾਹੀਂ ਉਸ ਦੇ ਕਾਰਡ ਅਕਾਊਂਟ ਦੇ ਸੰਬੰਧ ਵਿੱਚ ਕੀਤੀਆਂ ਅਣਗਹਿਲੀਆਂ ਲਈ ਕਾਰਡਮੈਂਬਰ ਦੁਆਰਾ ਭੁਗਤਾਨਯੋਗ ਹਨ।
- ਜੇ ਘੱਟੋਘੱਟ ਬਕਾਇਆ ਰਕਮ ਭੁਗਤਾਨ ਦੀ ਡਿਊ ਡੇਟ ਤਕ ਨਾ ਭੁਗਤਾਈ ਜਾਏ ਤਾਂ ਲੇਟ ਪੇਮੈਂਟ ਚਾਰਜਜ਼ ਲਾਗੂ ਹੋਣਗੇ। ਸਪੱਸ਼ਟ ਰਕਮ ਭੁਗਤਾਨ ਦੀ ਡਿਊ ਡੇਟ ਨੂੰ ਜਾਂ ਪਹਿਲਾਂ ਯੈੱਸ ਬੈਂਕ ਕ੍ਰੈਡਿਟ ਕਾਰਡ ਅਕਾਊਂਟ ਵਿੱਚ ਜਮ੍ਹਾ ਕਰਾਉਣੀ ਹੁੰਦੀ ਹੈ, ਤਾਂ ਕਿ ਲੇਟ ਪੇਮੈਂਟ ਚਾਰਜਜ਼ ਨਾ ਲੱਗਣ। ਲੇਟ ਪੇਮੈਂਟ ਚਾਰਜਜ਼ ਇਸ ਪ੍ਰਕਾਰ ਹਨ :

| ਸਟੇਟਮੈਂਟ ਬਕਾਇਆ | ਲੇਟ ਪੇਮੈਂਟ ਚਾਰਜਜ਼ |
|---|---|
| ₹100/- ਤੋਂ ਘੱਟ | ਕੁਝ ਨਹੀਂ |
| ₹100/- ਤੋਂ ₹500/- | ₹100/- |
| ₹501/- ਤੋਂ ₹5,000/- | ₹400/- |
| ₹5,001/- ਤੋਂ ₹20,000/- | ₹500/- |
| ₹20,000/- ਅਤੇ ਵੱਧ | ₹700/- |

- ਕਿਰਪਾ ਕਰਕੇ ਇਹ ਜਾਣ ਲਓ ਕਿ ਇਨਡਾਇਰੈਕਟ ਟੈਕਸ ਜਿਨ੍ਹਾਂ ਵਿੱਚ ਸ਼ਾਮਿਲ ਹਨ ਗੁਡਜ਼ ਅਤੇ ਸਰਵਿਸ ਟੈਕਸ (ਜੀਐਸਟੀ), ਸਭ ਫ਼ੀਸਾਂ ਅਤੇ ਚਾਰਜਜ਼ ਉੱਤੇ ਅਤੇ ਪ੍ਰਚੱਲਿਤ ਇਨਡਾਇਰੈਕਟ ਟੈਕਸ ਅਧੀਨ ਟੈਕਸ ਲੱਗਣ ਯੋਗ ਕਿਸੇ ਵੀ ਹੋਰ ਰਕਮ 'ਤੇ ਲਗਾਏ ਜਾਣਗੇ। (ਗੁਡਜ਼ ਅਤੇ ਸਰਵਿਸ ਟੈਕਸ (ਜੀਐਸਟੀ) 1 ਜੁਲਾਈ, 2017 ਤੋਂ ਸ਼ੁਰੂ ਕਰਕੇ ਲਗਾਇਆ ਜਾਏਗਾ)।
- ਯੈੱਸ ਬੈਂਕ ਨੇ ਇਹ ਅਧਿਕਾਰ ਆਪਣੇ ਪਾਸ ਰੱਖਿਆ ਹੈ ਕਿ ਜਦ ਵੀ ਇਸ ਨੂੰ ਉਪਯੁਕਤ ਸਮਝੇ, ਸਮੇਂ-ਸਮੇਂ ਫ਼ੀਸਾਂ ਅਤੇ ਚਾਰਜਜ਼ ਵਿੱਚ ਬਦਲਾਅ ਕਰ ਸਕੇ ਜਾਂ ਨਵੀਆਂ ਫ਼ੀਸਾਂ ਜਾਂ ਚਾਰਜਜ਼ ਲਗਾ ਸਕੇ। ਐਸੇ ਚਾਰਜਜ਼ ਭਾਵੀ ਰੂਪ ਵਿੱਚ ਲਾਗੂ ਕੀਤੇ ਜਾਣਗੇ ਅਤੇ ਇਸ ਦਾ ਘੱਟੋਘੱਟ 30 ਦਿਨਾਂ ਦਾ ਨੋਟਿਸ ਦਿਤਾ ਜਾਏਗਾ।

### ਡੀ. ਵਿਆਜ ਮੁਕਤ ਮਿਆਦ

ਕਾਰਡਮੈਂਬਰ ਨਿਰਧਾਰਿਤ ਕ੍ਰੈਡਿਟ ਕਾਰਡ (ਇੱਥੇ ਨੱਥੀ ਅੰਤਿਕਾ ਵਜੋਂ ਸ਼ਡਿਊਲ ਆਫ਼ ਚਾਰਜਜ਼ ਨੂੰ ਵੇਖੋ) 'ਤੇ ਲਾਗੂ ਸਕੀਮ ਅਨੁਸਾਰ 50 ਦਿਨਾਂ ਤਕ ਦੀ ਵਿਆਜ ਮੁਕਤ ਮਿਆਦ ਦਾ ਲਾਭ ਉਠਾ ਸਕਦੇ ਹਨ। ਬਹਰਹਾਲ, ਜੇ ਪਿਛਲੇ ਮਹੀਨੇ ਦਾ ਸਟੇਟਮੈਂਟ ਬਕਾਇਆ ਡਿਊ ਡੇਟ ਨੂੰ ਜਾਂ ਇਸ ਤੋਂ ਪਹਿਲਾਂ, ਪੂਰੀ ਤਰ੍ਹਾਂ ਭੁਗਤਾ ਨਾ ਦਿੱਤਾ ਗਿਆ ਹੋਵੇ, ਤਾਂ ਵਿਆਜ ਮੁਕਤ ਕ੍ਰੈਡਿਟ ਮਿਆਦ ਲਾਗੂ ਨਹੀਂ ਹੋਏਗੀ। ਇਹ ਤਦ ਵੀ ਲਾਗੂ ਨਹੀਂ ਹੋਏਗੀ ਜੇ ਕਾਰਡਮੈਂਬਰ ਨੇ ਏਟੀਐਮ ਤੋਂ ਕੈਸ਼ ਕਢਾਇਆ ਹੈ।

ਵਿਆਜ ਮੁਕਤ ਕ੍ਰੈਡਿਟ ਮਿਆਦ ਦਾ ਹਿਸਾਬ ਲਗਾਉਣ ਲਈ ਦ੍ਰਿਸ਼ਟਾਂਤਮਈ ਉਦਾਹਰਨ :

ਫ਼ਰਜ਼ ਕਰੋ ਕ੍ਰੈਡਿਟ ਕਾਰਡ ਲਈ ਭੁਗਤਾਨ ਡਿਊ ਡੇਟ ਹੈ 25 ਮਈ, ਅਤੇ ਪਿਛਲੇ ਮਹੀਨੇ ਦੀ ਬਕਾਇਆ ਰਕਮ ਪੂਰੀ ਤਰ੍ਹਾਂ ਭੁਗਤਾ ਦਿੱਤੀ ਗਈ ਹੈ, ਤਾਂ ਗ੍ਰੇਸ ਮਿਆਦ ਹੋਏਗੀ :

1. 6 ਅਪ੍ਰੈਲ ਮਿਤੀ ਦੀ ਖ਼ਰੀਦ ਲਈ, ਵਿਆਜ ਮੁਕਤ ਕ੍ਰੈਡਿਟ ਮਿਆਦ ਹੋਏਗੀ 6 ਅਪ੍ਰੈਲ ਤੋਂ 25 ਮਈ = 50 ਦਿਨ।
2. 17 ਅਪ੍ਰੈਲ ਮਿਤੀ ਦੀ ਖ਼ਰੀਦ ਲਈ, ਵਿਆਜ ਮੁਕਤ ਕ੍ਰੈਡਿਟ ਮਿਆਦ ਹੋਏਗੀ 17 ਅਪ੍ਰੈਲ ਤੋਂ 25 ਮਈ = 39 ਦਿਨ।

## 2. ਸੀਮਾਵਾਂ

- ਯੈੱਸ ਬੈਂਕ, ਆਪਣੀ ਇਕਹਿਰੀ ਮਰਜ਼ੀ 'ਤੇ ਕਾਰਡਮੈਂਬਰ ਦੀ ਕ੍ਰੈਡਿਟ ਸੀਮਾ ਅਤੇ ਕੈਸ਼ ਕਢਾਉਣ ਦੀ ਸੀਮਾ ਤੈਅ ਕਰੇਗਾ (ਐਡ-ਆਨ ਕਾਰਡਮੈਂਬਰ ਵੀ ਪ੍ਰਾਇਮਰੀ ਕਾਰਡਮੈਂਬਰ ਵਾਲੀ ਸੀਮਾ ਦਾ ਹਿੱਸੇਦਾਰ ਹੋਏਗਾ)। ਕ੍ਰੈਡਿਟ ਸੀਮਾ ਉਹ ਅਧਿਕਤਮ ਰਕਮ ਹੈ, ਜੋ ਕਿਸੇ ਦੱਸੇ ਗਏ ਸਮੇਂ 'ਤੇ ਕਿਸੇ ਕ੍ਰੈਡਿਟ ਕਾਰਡ ਅਕਾਊਂਟ ਦੇ ਵਿਰੁੱਧ ਬਕਾਇਆ ਹੋ ਸਕਦੀ ਹੈ। ਇਹਨਾਂ ਸੀਮਾਵਾਂ ਬਾਰੇ ਕਾਰਡ ਡਲਿਵਰੀ ਦੇ ਸਮੇਂ ਅਤੇ ਮਾਸਿਕ ਸਟੇਟਮੈਂਟਾਂ ਦੁਆਰਾ ਕਾਰਡਮੈਂਬਰ ਨੂੰ ਸੂਚਿਤ ਕੀਤਾ ਜਾਂਦਾ ਹੈ। ਸਟੇਟਮੈਂਟ ਤਿਆਰ ਕਰਦੇ ਸਮੇਂ ਉਪਲਬਧ ਕ੍ਰੈਡਿਟ ਸੀਮਾ ਮਾਸਿਕ ਸਟੇਟਮੈਂਟ ਵਿੱਚ ਵੀ ਦੱਸੀ ਜਾਂਦੀ ਹੈ। ਕੈਸ਼ ਅਡਵਾਂਸ ਸੀਮਾ ਕੈਸ਼ ਦੀ ਉਹ ਅਧਿਕਤਮ ਰਕਮ ਜਾਂ ਯੈੱਸ ਬੈਂਕ ਦੁਆਰਾ ਪਰਿਭਾਸ਼ਿਤ ਜਾਂ ਨਿਰਧਾਰਿਤ ਰਕਮ ਹੁੰਦੀ ਹੈ, ਜੋ ਕਿ ਕਾਰਡਮੈਂਬਰ ਆਪਣੇ ਕ੍ਰੈਡਿਟ ਕਾਰਡ ਅਕਾਊਂਟ 'ਤੇ ਵਰਤ ਸਕਦਾ ਹੈ। ਕੈਸ਼ ਸੀਮਾ ਕਾਰਡਮੈਂਬਰ ਦੀ ਕ੍ਰੈਡਿਟ ਸੀਮਾ ਦਾ ਭਾਗ ਹੈ। ਲਾਗੂ ਕੈਸ਼ ਅਡਵਾਂਸ ਸੀਮਾ ਬਾਰੇ ਜਾਣਨ ਲਈ ਕਿਰਪਾ ਕਰਕੇ ਸ਼ਡਿਊਲ ਆਫ਼ ਚਾਰਜਜ਼ ਵੇਖੋ।
- ਇਕ ਸੇਵਾ ਸੰਕੇਤ ਵਜੋਂ, ਯੈੱਸ ਬੈਂਕ ਕਾਰਡਮੈਂਬਰ ਦੁਆਰਾ ਕ੍ਰੈਡਿਟ ਸੀਮਾ ਤੋਂ ਉੱਪਰ ਕੀਤੀਆਂ ਜਾਣ ਵਾਲੀਆਂ ਕੁਝ ਖ਼ਾਸ ਟ੍ਰਾਂਜ਼ੈਕਸ਼ਨਾਂ ਦੀ ਮਨਜ਼ੂਰੀ ਦੇ ਸਕਦਾ ਹੈ। ਬਹਰਹਾਲ, ਸੀਮਾ ਬਾਅਦ ਦੀ ਰਕਮ ਉੱਤੇ 2.5% ਜਾਂ ₹500 (ਜੋ ਵੀ ਵੱਧ ਹੋਵੇ) ਦਾ ਸੀਮਾ ਬਾਅਦ ਦਾ ਚਾਰਜ ਕ੍ਰੈਡਿਟ ਕਾਰਡ ਅਕਾਊਂਟ 'ਤੇ ਲਗਾਇਆ ਜਾਏਗਾ।
- ਯੈੱਸ ਬੈਂਕ ਸਮੇਂ-ਸਮੇਂ ਕਾਰਡਮੈਂਬਰ ਦੇ ਕ੍ਰੈਡਿਟ ਕਾਰਡ ਅਕਾਊਂਟ ਦੀ ਨਜ਼ਰਮਾਨੀ ਕਰੇਗਾ। ਯੈੱਸ ਬੈਂਕ ਆਪਣੇ ਅੰਦਰੂਨੀ ਮਾਪਦੰਡ ਦੇ ਆਧਾਰ 'ਤੇ ਕਾਰਡਮੈਂਬਰ ਦੀ ਕ੍ਰੈਡਿਟ ਸੀਮਾ ਨੂੰ ਘਟਾ ਸਕਦਾ ਹੈ। ਬੈਂਕ ਐਸਐਮਐਸ/ਈਮੇਲ ਰਾਹੀਂ ਅਤੇ ਬਾਅਦ ਵਿੱਚ ਲਿਖਤੀ ਤਸਦੀਕ ਕਰਕੇ, ਇਸ ਬਾਰੇ ਅਤੇ ਇਸ ਦੇ ਕਾਰਨ ਬਾਰੇ ਕਾਰਡਮੈਂਬਰ ਨੂੰ ਫ਼ੌਰਨ ਸੂਚਿਤ ਕਰ ਦੇਵੇਗਾ।
- ਕਾਰਡਮੈਂਬਰ ਦੀ ਕ੍ਰੈਡਿਟ ਸੀਮਾ ਨੂੰ ਵਧਾਉਣ ਦੇ ਚਾਹਵਾਨ ਕਾਰਡਮੈਂਬਰ ਯੈੱਸ ਬੈਂਕ ਨੂੰ ਲਿਖ ਕੇ, ਵਿੱਤੀ ਦਸਤਾਵੇਜ਼ ਦੇ ਕੇ ਕਾਰਡਮੈਂਬਰ ਦੀ ਆਮਦਨ ਦਾ ਐਲਾਨ ਕਰਦੇ ਹੋਇਆਂ ਇਸ ਤਰ੍ਹਾਂ ਕਰ ਸਕਦੇ ਹਨ। ਯੈੱਸ ਬੈਂਕ ਆਪਣੀ ਇਕਹਿਰੀ ਮਰਜ਼ੀ ਅਨੁਸਾਰ ਅਤੇ ਐਸੇ ਨਵੇਂ ਦਸਤਾਵੇਜ਼ਾਂ ਦੇ ਆਧਾਰ 'ਤੇ, ਕਾਰਡਮੈਂਬਰ ਦੀ ਕ੍ਰੈਡਿਟ ਸੀਮਾ ਨੂੰ ਵਧਾ ਸਕਦਾ ਹੈ।
- ਕ੍ਰੈਡਿਟ ਕਾਰਡ ਦੀ ਵਰਤੋਂ, ਸਮੇਂ-ਸਮੇਂ ਮਨਜ਼ੂਰ ਕੀਤੀਆਂ ਕ੍ਰੈਡਿਟ ਸੀਮਾਵਾਂ ਦੀ ਸਵੀਕ੍ਰਿਤੀ ਸਮਝੀ ਜਾਏਗੀ।

## 3. ਫ਼ਾਇਨਾਂਸ ਚਾਰਜਜ਼

- ਜੇ ਕਾਰਡਮੈਂਬਰ ਆਪਣਾ ਬਕਾਇਆ ਮੁਕੰਮਲ ਰੂਪ ਵਿੱਚ ਨਾ ਭੁਗਤਾਉਣ ਦਾ ਫ਼ੈਸਲਾ ਕਰੇ ਤਾਂ ਟ੍ਰਾਂਜ਼ੈਕਸ਼ਨ ਦੀ ਮਿਤੀ ਤੋਂ ਸਾਰੀਆਂ ਟ੍ਰਾਂਜ਼ੈਕਸ਼ਨਾਂ 'ਤੇ ਮਾਸਿਕ ਪ੍ਰਤੀਸ਼ਤ ਦਰ ਨਾਲ, ਅਤੇ ਕਾਰਡਮੈਂਬਰ ਦੁਆਰਾ ਲਏ ਸਾਰੇ ਕੈਸ਼ ਅਡਵਾਂਸਾਂ 'ਤੇ ਜਦ ਤਕ ਉਹ ਪੂਰੀ ਤਰ੍ਹਾਂ ਵਾਪਸ ਨਾ ਭੁਗਤਾ ਦਿੱਤੇ ਜਾਣ, ਫ਼ਾਇਨਾਂਸ ਚਾਰਜਜ਼ ਦੇਣੇ ਪੈਂਦੇ ਹਨ। ਜੇ ਫ਼ਾਇਨਾਂਸ ਚਾਰਜਜ਼ ਭੁਗਤਾਉਣ ਯੋਗ ਹਨ, ਤਾਂ ਜਦ ਤਕ ਕਾਰਡ 'ਤੇ ਬਕਾਇਆ ਪੂਰੀ ਤਰ੍ਹਾਂ ਅਦਾ ਨਾ ਕਰ ਦਿੱਤਾ ਜਾਏ, ਇਹਨਾਂ ਨੂੰ ਕਾਰਡਮੈਂਬਰ ਦੇ ਅਕਾਊਂਟ ਵਿੱਚੋਂ ਡੈਬਿਟ ਕੀਤਾ ਜਾਏਗਾ।
- ਕੈਸ਼ ਅਡਵਾਂਸਾਂ 'ਤੇ ਫ਼ਾਇਨਾਂਸ ਚਾਰਜਜ਼ ਟ੍ਰਾਂਜ਼ੈਕਸ਼ਨ ਦੀ ਮਿਤੀ ਤੋਂ ਪੂਰੀ ਤਰ੍ਹਾਂ ਅਦਾਇਗੀ ਕਰ ਦੇਣ ਤਕ ਲਾਗੂ ਹੋਣਗੇ।
- ਜਦ ਕਾਰਡਮੈਂਬਰ ਕੋਈ ਵੀ ਬਕਾਇਆ ਰਕਮ ਹੋਰ ਅੱਗੇ ਲੈ ਜਾਵੇ ਜਾਂ ਕੈਸ਼ ਅਡਵਾਂਸ ਲੈ ਲਏ, ਤਾਂ ਔਸਤ ਡੇਲੀ ਬੈਲੇਂਸ ਮੈਥਡ ਨਾਲ ਹਿਸਾਬ ਲਗਾਇਆ ਗਿਆ ਇਕ ਫ਼ਾਇਨਾਂਸ ਚਾਰਜ ਅੱਗੇ ਲਿਜਾਏ ਗਏ ਬਕਾਇਆ ਅਤੇ ਤਾਜ਼ੀ ਬਿੱਲਿੰਗ 'ਤੇ ਤਦ ਤਕ ਲਾਗੂ ਹੋਏਗਾ, ਜਦ ਤਕ ਕਿ ਪੂਰਬਲੀ ਬਕਾਇਆ ਰਕਮ ਪੂਰੀ ਤਰ੍ਹਾਂ ਅਦਾ ਨਾ ਕਰ ਦਿੱਤੀ ਜਾਏ।
- ਕਿਰਪਾ ਕਰਕੇ ਇਹ ਜਾਣ ਲਓ ਕਿ ਫ਼ਾਇਨਾਂਸ ਚਾਰਜਜ਼ ਅਤੇ ਹੋਰ ਚਾਰਜਜ਼ ਯੈੱਸ ਬੈਂਕ ਦੀ ਮਰਜ਼ੀ ਅਨੁਸਾਰ ਬਦਲੇ ਜਾ ਸਕਦੇ ਹਨ।

**ਰੀਵਾਲਵਿੰਗ ਕ੍ਰੈਡਿਟ ਉੱਤੇ ਫ਼ਾਇਨਾਂਸ ਚਾਰਜਜ਼ ਦਾ ਹਿਸਾਬ ਲਗਾਉਣ ਦੇ ਤਰੀਕੇ ਨੂੰ ਸਮਝਣ ਲਈ ਕਿਰਪਾ ਕਰਕੇ ਹੇਠਲਾ ਟੇਬਲ ਵੇਖੋ** :

| ਮਿਤੀ | ਟ੍ਰਾਂਜ਼ੈਕਸ਼ਨ | ਰਕਮ |
|---|---|---|
| 2 ਜੂਨ | ਵਸਤਰਾਂ ਦੀ ਖ਼ਰੀਦ | ₹5000 |
| 14 ਜੂਨ | ਰਸਦ-ਪਾਣੀ ਦੀ ਖ਼ਰੀਦ | ₹1000 |
| 20 ਜੂਨ | ਸਟੇਟਮੈਂਟ ਦੀ ਮਿਤੀ | ਕੁੱਲ ਬਾਕੀ ਰਕਮ = ₹6000; ਘੱਟੋਘੱਟ ਬਾਕੀ ਰਕਮ = ₹300 |
| 10 ਜੁਲਾਈ | ਕਾਰਡ ਅਕਾਊਂਟ 'ਤੇ ਵਸੂਲੀ ਅਦਾਇਗੀ | ₹1000 (ਕ੍ਰੈਡਿਟ) |
| 14 ਜੁਲਾਈ | ਰਸਦ-ਪਾਣੀ ਦੀ ਖ਼ਰੀਦ | ₹1000 |
| 20 ਜੁਲਾਈ | ਸਟੇਟਮੈਂਟ ਦੀ ਮਿਤੀ | ਕੁੱਲ ਬਾਕੀ ਰਕਮ = ₹6296.59; ਘੱਟੋਘੱਟ ਬਾਕੀ ਰਕਮ = ₹314.8 |

ਇਹ ਸਮਝ ਲਿਆ ਗਿਆ ਹੈ ਕਿ ਕਾਰਡਮੈਂਬਰ ਨੇ ਸਾਰੇ ਪੂਰਬਲੇ ਬਕਾਏ ਪੂਰੀ ਤਰ੍ਹਾਂ ਅਦਾ ਕਰ ਦਿੱਤੇ ਹਨ ਅਤੇ ਉਸ ਦੇ ਯੈੱਸ ਬੈਂਕ ਕ੍ਰੈਡਿਟ ਕਾਰਡ ਅਕਾਊਂਟ ਵਿੱਚ ਕੋਈ ਬਕਾਇਆ ਰਕਮ ਨਹੀਂ ਰਹੀ। ਕਾਰਡਮੈਂਬਰ ਦੀ ਸਟੇਟਮੈਂਟ ਮਿਤੀ ਹਰ ਮਹੀਨੇ ਦੀ 20 ਹੁੰਦੀ ਹੈ। ਹੇਠਾਂ ਉਹਨਾਂ ਟ੍ਰਾਂਜ਼ੈਕਸ਼ਨਾਂ ਦੀ ਸੂਚੀ ਹੈ ਜੋ ਉਸ ਦੇ ਕਾਰਡ ਅਕਾਊਂਟ 'ਤੇ ਕੀਤੀਆਂ ਗਈਆਂ ਹਨ।

20 ਜੁਲਾਈ ਦੀ ਮਿਤੀ ਵਾਲੀ ਸਟੇਟਮੈਂਟ 'ਤੇ, ਹੇਠਲੇ ਤੱਥ ਕਾਰਡਮੈਂਬਰ ਦੁਆਰਾ ਭੁਗਤਾਨਯੋਗ ਕੁੱਲ ਰਕਮ ਦੇ ਘਟਕਾਂ ਵਜੋਂ ਪ੍ਰਦਰਸ਼ਿਤ ਕੀਤੇ ਜਾਣਗੇ :

ਗਿਣਿਆ ਗਿਆ ਵਿਆਜ = (ਬਕਾਇਆ ਰਕਮ x 2.75% ਪ੍ਰ.ਮ. x 12 ਮਹੀਨੇ x ਦਿਨਾਂ ਦੀ ਸੰਖਿਆ)/365

ਏ) ₹5000 'ਤੇ ਵਿਆਜ @ 2.75% ਪ੍ਰ.ਮ. 2 ਜੂਨ ਤੋਂ 9 ਜੁਲਾਈ ਤਕ (38 ਦਿਨਾਂ ਲਈ) = ₹171.78

₹1000 'ਤੇ ਵਿਆਜ @ 2.75% ਪ੍ਰ.ਮ. 14 ਜੂਨ ਤੋਂ 9 ਜੁਲਾਈ ਤਕ (ਯਾਨੀ 26 ਦਿਨਾਂ ਲਈ) = ₹23.51

₹5000 'ਤੇ ਵਿਆਜ @ 2.75% ਪ੍ਰ.ਮ. 10 ਜੁਲਾਈ ਤੋਂ 20 ਜੁਲਾਈ ਤਕ (ਯਾਨੀ 11 ਦਿਨਾਂ ਲਈ) = ₹49.73

₹1000 'ਤੇ ਵਿਆਜ (ਤਾਜ਼ਾ ਖ਼ਰਚਾ) @ 2.75% ਪ੍ਰ.ਮ. 14 ਜੁਲਾਈ ਤੋਂ 20 ਜੁਲਾਈ ਤਕ = ₹6.33

ਕੁੱਲ ਵਿਆਜ = ₹251.35

ਬੀ) ਗੁਡਜ਼ ਅਤੇ ਸਰਵਿਸ ਟੈਕਸ (ਜੀਐਸਟੀ) 18% ਵਿਆਜ ਦੀ ਰਕਮ 'ਤੇ = ₹45.24

ਸੀ) ਕੁੱਲ ਮੂਲ ਬਕਾਇਆ ਰਕਮ = ₹6000 (₹1000 ਤਾਜ਼ਾ ਖ਼ਰਚਾ + ਬਕਾਇਆ ₹5000 ਪਿਛਲੇ ਮਹੀਨੇ ਦੀ ਬਿੱਲਿੰਗ ਮਿਆਦ 'ਚੋਂ ਬਾਕੀ)

ਇਸ ਤਰ੍ਹਾਂ ਕੁੱਲ ਬਕਾਇਆ ਰਕਮ = (ਏ) + (ਬੀ) + (ਸੀ) = ₹6296.59

## 4. ਬਿੱਲਿੰਗ

- ਯੈੱਸ ਬੈਂਕ ਕਾਰਡਮੈਂਬਰ ਨੂੰ ਇਕ ਮਾਸਿਕ ਸਟੇਟਮੈਂਟ ਭੇਜੇਗਾ ਜਿਸ ਵਿੱਚ ਕ੍ਰੈਡਿਟ ਕੀਤੇ ਭੁਗਤਾਨ ਅਤੇ ਪਿਛਲੀ ਸਟੇਟਮੈਂਟ ਤੋਂ ਬਾਅਦ ਦੀਆਂ ਕਾਰਡ ਅਕਾਊਂਟ ਵਿੱਚ ਡੈਬਿਟ ਹੋਈਆਂ ਟ੍ਰਾਂਜ਼ੈਕਸ਼ਨਾਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ। ਯੈੱਸ ਬੈਂਕ ਕਾਰਡ ਅਕਾਊਂਟ ਵਿੱਚ ਹੋਈਆਂ ਟ੍ਰਾਂਜ਼ੈਕਸ਼ਨਾਂ ਦੀ ਇਕ ਸਟੇਟਮੈਂਟ ਹਰ ਮਹੀਨੇ ਪੂਰਬ ਨਿਰਧਾਰਿਤ ਮਿਤੀ ਨੂੰ ਮੇਲ/ਈਮੇਲ ਰਾਹੀਂ ਯੈੱਸ ਬੈਂਕ ਦੇ ਰਿਕਾਰਡ ਵਿੱਚ ਦਰਜ ਮੇਲਿੰਗ ਪਤੇ/ਈਮੇਲ ਪਤੇ 'ਤੇ ਭੇਜੇਗਾ। ਜੇ ਬਾਕੀ ਰਹਿੰਦਾ ਬਕਾਇਆ ₹100/- ਤੋਂ ਘੱਟ ਹੋਵੇ ਅਤੇ ਪਿਛਲੀ ਸਟੇਟਮੈਂਟ ਤੋਂ ਬਾਅਦ ਕੋਈ ਹੋਰ ਟ੍ਰਾਂਜ਼ੈਕਸ਼ਨ ਬਿੱਲਿੰਗ ਲਈ ਬਾਕੀ ਨਹੀਂ ਹੈ, ਤਾਂ ਕੋਈ ਸਟੇਟਮੈਂਟ ਨਹੀਂ ਭੇਜੀ ਜਾਏਗੀ।
- ਯੈੱਸ ਬੈਂਕ ਕ੍ਰੈਡਿਟ ਕਾਰਡ ਕਾਰਡਮੈਂਬਰ ਨੂੰ ਰੀਵਾਲਵਿੰਗ ਕ੍ਰੈਡਿਟ ਦੀ ਸਹੂਲਤ ਪੇਸ਼ ਕਰਦੇ ਹਨ। ਕਾਰਡਮੈਂਬਰ ਇਹਨਾਂ 'ਚੋਂ ਕੋਈ ਵੀ ਪੱਧਤੀ ਚੁਣ ਸਕਦਾ ਹੈ - ਸਿਰਫ਼ ਘੱਟੋਘੱਟ ਬਕਾਇਆ ਰਕਮ (ਐਮਏਡੀ) ਦਾ ਭੁਗਤਾਨ, ਕੁੱਲ ਬਕਾਇਆ ਰਕਮ ਜਾਂ ਕ੍ਰੈਡਿਟ ਕਾਰਡ ਸਟੇਟਮੈਂਟ ਵਿੱਚ ਪ੍ਰਦਰਸ਼ਿਤ ਐਮਏਡੀ ਤੋਂ ਉਪਰ ਕੁੱਲ ਬਕਾਇਆ ਰਕਮ ਦੇ ਕਿਸੇ ਵੀ ਅੰਸ਼ ਦਾ ਭੁਗਤਾਨ। ਬਾਕੀ ਰਹਿੰਦਾ ਬਕਾਇਆ ਬਾਅਦ ਦੀਆਂ ਸਟੇਟਮੈਂਟਾਂ ਤਕ ਲਿਜਾਇਆ ਜਾ ਸਕਦਾ ਹੈ। ਐਸਾ ਭੁਗਤਾਨ ਪੇਮੈਂਟ ਡਿਊ ਡੇਟ ਤੋਂ ਪਹਿਲਾਂ ਕਰਨਾ ਚਾਹੀਦਾ ਹੈ। ਸਪੱਸ਼ਟ ਰਕਮ ਪੇਮੈਂਟ ਡਿਊ ਡੇਟ ਨੂੰ ਜਾਂ ਇਸ ਤੋਂ ਪਹਿਲਾਂ ਯੈੱਸ ਬੈਂਕ ਦੇ ਕਾਰਡ ਅਕਾਊਂਟ ਵਿੱਚ ਜਮ੍ਹਾ ਕਰਾ ਦੇਣੀ ਚਾਹੀਦੀ ਹੈ ਤਾਂ ਕਿ ਲੇਟ ਪੇਮੈਂਟ ਚਾਰਜਜ਼ ਨਾ ਭਰਨੇ ਪੈਣ। ਕਾਰਡਮੈਂਬਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਲੋਕਲ ਚੈੱਕ ਪੇਮੈਂਟ ਡਿਊ ਡੇਟ ਤੋਂ ਕਾਫ਼ੀ ਪਹਿਲੀ ਡ੍ਰਾਪ ਬਕਸੇ ਵਿੱਚ ਪਾ ਦੇਣ ਤਾਂ ਜੋ ਭੁਗਤਾਨ ਪੱਕੇ ਰੂਪ ਵਿੱਚ ਪੇਮੈਂਟ ਡਿਊ ਡੇਟ ਤੋਂ ਪਹਿਲਾਂ ਕਾਰਡ ਅਕਾਊਂਟ ਵਿੱਚ ਪ੍ਰਦਰਸ਼ਿਤ ਹੋ ਜਾਵੇ।
- ਮੌਜੂਦਾ ਘੱਟੋਘੱਟ ਬਕਾਇਆ ਰਕਮ ਦਾ ਹਿਸਾਬ ਬਾਕੀ ਬਕਾਇਆ ਦੇ 5% ਦੇ ਹਿਸਾਬ ਨਾਲ ਜਾਂ ₹100 (ਜੋ ਵੀ ਵੱਧ ਹੋਵੇ), ਲਗਾਇਆ ਜਾਂਦਾ ਹੈ, ਨਾਲ ਹੀ ਸਭ ਲਾਗੂ ਟੈਕਸ ਅਤੇ ਈਐਮਆਈ ਜਮ੍ਹਾ ਕਰਕੇ (ਸਿਰਫ਼ ਈਐਮਆਈ ਆਧਾਰਿਤ ਉਤਪਾਦਾਂ ਦੇ ਮਾਮਲੇ ਵਿੱਚ) ਪਿਛਲੀ ਸਟੇਟਮੈਂਟ ਦਾ ਕੋਈ ਵੀ ਗੈਰਭੁਗਤਾਇਆ ਘੱਟੋਘੱਟ ਬਕਾਇਆ ਪੈਸਾ, ਕਾਰਡਮੈਂਬਰ ਦੇ ਵਰਤਮਾਨ ਘੱਟੋਘੱਟ ਬਕਾਇਆ ਪੈਸੇ ਵਿੱਚ ਜਮ੍ਹਾ ਕਰ ਦਿੱਤਾ ਜਾਏਗਾ ਤੇ ਨਾਲ ਹੀ ਕਾਰਡਮੈਂਬਰ ਦੀ ਕ੍ਰੈਡਿਟ ਸੀਮਾ ਤੋਂ ਵਧਦੀ ਬਾਕੀ ਰਕਮ ਵੀ।
- ਕ੍ਰੈਡਿਟ ਕਾਰਡ ਦੀਆਂ ਬਕਾਇਆ ਰਕਮਾਂ ਲਈ ਕੀਤੇ ਭੁਗਤਾਨਾਂ ਦੀ ਵਸੂਲੀ ਰਸੀਦ ਬਾਅਦ ਦੀਆਂ ਸਟੇਟਮੈਂਟਾਂ ਵਿੱਚ ਪ੍ਰਦਰਸ਼ਿਤ ਕੀਤੀ ਜਾਏਗੀ।
- ਕਾਰਡਮੈਂਬਰ ਦੇ ਕਾਰਡ ਬਕਾਇਆ ਵਿਰੁੱਧ ਵਸੂਲੀ ਰਕਮ ਨੂੰ ਸਰਵਿਸ ਟੈਕਸ, ਵਿਆਜ ਚਾਰਜਜ਼, ਸਰਵਿਸ ਚਾਰਜਜ਼ ਅਤੇ ਫ਼ੀਸਾਂ (ਬਸ਼ਮੂਲ ਮੈਂਬਰਸ਼ਿਪ ਫ਼ੀਸ), ਪਿਛਲੇ ਗੇੜ ਤੋਂ ਮੂਲ ਬਕਾਇਆ ਅਤੇ ਵਰਤਮਾਨ ਗੇੜ ਦੀਆਂ ਖ਼ਰੀਦਾਰੀਆਂ ਵਿਰੁੱਧ, ਇਸੇ ਸਿਲਸਿਲੇ ਅਨੁਸਾਰ, ਐਡਜਸਟ ਕੀਤਾ ਜਾਏਗਾ।
- ਕਾਰਡ ਅਕਾਊਂਟ ਲਈ ਅਦਾਇਗੀਆਂ ਹੇਠਲਿਆਂ ਵਿੱਚੋਂ ਕਿਸੇ ਵੀ ਇਕ ਤਰੀਕੇ ਨਾਲ ਕੀਤੀਆਂ ਜਾ ਸਕਦੀਆਂ ਹਨ :

⇨ਜੇ ਕਾਰਡਮੈਂਬਰ ਦਾ ਯੈੱਸ ਬੈਂਕ ਖਾਤਾ ਹੈ, ਤਾਂ ਉਹ ਨੈੱਟਬੈਂਕਿੰਗ ਅਤੇ/ਜਾਂ ਯੈੱਸ ਬੈਂਕ ਏਟੀਐਮ ਦੁਆਰਾ ਅਦਾਇਗੀ ਕਰ ਸਕਦਾ ਹੈ। ਐਸਾ ਕਾਰਡਮੈਂਬਰ ਸਥਾਈ ਹਿਦਾਇਤ ਦੀ ਸਹੂਲਤ ਦੀ ਵਰਤੋਂ ਵੀ ਕਰ ਸਕਦਾ ਹੈ, ਜਿਸ ਨਾਲ ਪੈਸਾ ਕਾਰਡਮੈਂਬਰ ਦੇ ਯੈੱਸ ਬੈਂਕ ਖਾਤੇ ਵਿੱਚੋਂ ਆਪਣੇਆਪ ਡਿਊ ਡੇਟ ਨੂੰ ਕਾਰਡਮੈਂਬਰ ਦੇ ਕਾਰਡ ਅਕਾਊਂਟ ਵਿੱਚ ਟ੍ਰਾਂਸਫ਼ਰ ਕੀਤਾ ਜਾ ਸਕਦਾ ਹੈ।

⇨ਕਾਰਡਮੈਂਬਰ ਕਿਸੇ ਹੋਰ ਬੈਂਕ ਅਕਾਊਂਟ ਵਿੱਚੋਂ ਐਨਈਐਫ਼ਟੀ ਫ਼ੰਡ ਟ੍ਰਾਂਸਫ਼ਰ ਮੋਡ ਦੀ ਵਰਤੋਂ ਕਰਕੇ **(ਵਰਤੋ ਆਈਐਫਐਸਸੀ ਕੋਡ YESB0CMSNOC)**, ਜਾਂ ਦੂਜੇ ਬੈਂਕ ਦਾ ਨੈੱਟਬੈਂਕਿੰਗ ਅਕਾਊਂਟ ਵਰਤ ਕੇ ਬਿੱਲ ਡੈਸਕ ਸਹੂਲਤ ਦੁਆਰਾ ਪੈਸੇ ਦਾ ਭੁਗਤਾਨ ਕਰ ਸਕਦਾ ਹੈ।

⇨ਕਾਰਡਮੈਂਬਰ ਯੈੱਸ ਬੈਂਕ ਸ਼ਾਖਾਵਾਂ ਵਿੱਚ ਰੱਖੇ ਹੋਏ ਯੈੱਸ ਬੈਂਕ ਕ੍ਰੈਡਿਟ ਕਾਰਡ ਡ੍ਰਾਪ ਬਕਸਿਆਂ ਵਿੱਚ ਜਾਂ ਏਟੀਐਮਾਂ ਤੇ ਆਪਣੇ ਚੈੱਕ ਜਾਂ ਡ੍ਰਾਫ਼ਟ ਪਾਕੇ ਵੀ ਭੁਗਤਾਨ ਕਰ ਸਕਦਾ ਹੈ। ਚੈੱਕ/ਡ੍ਰਾਫ਼ਟ ਯੈੱਸ ਬੈਂਕ ਕ੍ਰੈਡਿਟ ਕਾਰਡ ਨੂੰ XXXX XXXX XXXX XXXX ਦੇ ਨਾਂ ਵਿੱਚ ਭੁਗਤਾਨਸ਼ੀਲ ਹੋਣਾ ਚਾਹੀਦਾ ਹੈ।

⇨ਕਾਰਡਮੈਂਬਰ ਯੈੱਸ ਬੈਂਕ ਦੀਆਂ ਸ਼ਾਖਾਵਾਂ ਵਿੱਚ ਨਕਦ ਭੁਗਤਾਨ ਵੀ ਕਰ ਸਕਦਾ ਹੈ। ਕ੍ਰੈਡਿਟ ਕਾਰਡ ਅਕਾਊਂਟ ਵਿੱਚ ਨਕਦ ਭੁਗਤਾਨ ਲਈ ਲਾਗੂ ਚਾਰਜਜ਼ ਬਾਰੇ ਕਿਰਪਾ ਕਰਕੇ ਸ਼ਡਿਊਲ ਆਫ਼ ਚਾਰਜਜ਼ ਵੇਖੋ।

- ਜੇ ਕਾਰਡਮੈਂਬਰ ਦੇ ਡਾਕ ਪਤੇ/ਈਮੇਲ ਐਡਰੈਸ ਵਿੱਚ ਕੋਈ ਤਬਦੀਲੀ ਹੋਈ ਹੋਵੇ, ਤਾਂ ਕਾਰਡਮੈਂਬਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਬਾਰੇ ਫ਼ੌਰਨ ਯੈੱਸ ਬੈਂਕ ਨੂੰ ਸੂਚਿਤ ਕਰ ਦੇਵੇ ਤਾਂ ਕਿ ਉਸ ਨੂੰ ਸਟੇਟਮੈਂਟਾਂ ਸਮੇਂ-ਸਿਰ ਮਿਲਦੀਆਂ ਰਹਿਣ।
- ਸਟੇਟਮੈਂਟ/ਬਿੱਲਿੰਗ ਵਿਵਾਦ: ਸਟੇਟਮੈਂਟ ਦੇ ਸਾਰੇ ਮਜ਼ਮੂਨ ਨੂੰ ਸਹੀ ਸਵੀਕ੍ਰਿਤ ਸਮਝਿਆ ਜਾਏਗਾ, ਜੇ ਕਾਰਡਮੈਂਬਰ ਇਸ ਦੀ ਕਿਸੇ ਊਣਤਾ ਬਾਰੇ ਸਟੇਟਮੈਂਟ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਯੈੱਸ ਬੈਂਕ ਨੂੰ ਸੂਚਿਤ ਨਾ ਕਰ ਦੇਵੇ। ਐਸੀ ਸੂਚਨਾ ਪ੍ਰਾਪਤ ਕਰਨ 'ਤੇ, ਯੈੱਸ ਬੈਂਕ ਤਫ਼ਤੀਸ਼ ਪੂਰੀ ਹੋਣ ਤਕ ਆਰਜ਼ੀ ਤੌਰ 'ਤੇ ਚਾਰਜਜ਼ ਨੂੰ ਰੋਕ ਸਕਦਾ ਹੈ। ਬਾਅਦ ਦੀ ਤਫ਼ਤੀਸ਼ ਪੂਰੀ ਹੋਣ 'ਤੇ, ਐਸੇ ਚਾਰਜਜ਼ ਦੀ ਦੇਣਦਾਰੀ

ਕਾਰਡਮੈਂਬਰ ਦੇ ਅਕਾਊਂਟ ਦੀ ਹੈ, ਚਾਰਜਜ਼ ਨੂੰ ਸੰਬੰਧਿਤ ਦਰੁਸਤੀ ਦਰਖ਼ਾਸਤ ਚਾਰਜਜ਼ ਦੇ ਨਾਲ, ਬਾਅਦ ਦੀ ਸਟੇਟਮੈਂਟ ਵਿੱਚ ਬਹਾਲ ਕੀਤਾ ਜਾਏਗਾ।

- ਕਿਰਪਾ ਕਰਕੇ ਇਹ ਜਾਣ ਲਓ ਕਿ ਹਰ ਮਹੀਨੇ ਸਿਰਫ਼ ਘੱਟ ਤੋਂ ਘੱਟ ਭੁਗਤਾਨ ਕਰਨ ਨਾਲ ਵਾਪਸੀ ਭੁਗਤਾਨ ਵਰ੍ਹਿਆਂ ਤਕ ਜਾ ਸਕਦਾ ਹੈ ਕਿਉਂਕਿ ਤੁਹਾਡੇ ਬਾਕੀ ਰਹਿੰਦੇ ਬਕਾਏ 'ਤੇ ਬਾਅਦ ਵਿੱਚ ਵਿਆਜ ਜੁੜਦਾ ਰਹੇਗਾ।
- ਕਾਰਡਮੈਂਬਰ ਬਿਲਿੰਗ ਅਤੇ ਸਟੇਟਮੈਂਟ ਵਿਵਾਦਾਂ ਨਾਲ ਸੰਬੰਧਿਤ ਕੁਝ ਵੀ ਪੁੱਛਣ ਲਈ ਯੈੱਸ ਬੈਂਕ ਕ੍ਰੈਡਿਟ ਕਾਰਡਜ਼ ਨਾਲ ਸੰਪਰਕ ਕਰ ਸਕਦਾ ਹੈ।

⇨24X7 ਯੈੱਸ ਟੱਚ ਕਸਟਮਰ ਕੇਅਰ ਨੰਬਰ : 1800 103 6000/022-49350000

⇨ਡਾਕ ਰਾਹੀਂ - ਯੈੱਸ ਬੈਂਕ ਲਿਮਿਟੇਡ, ਵੰਨ ਇੰਡੀਆ ਬੁੱਲਜ਼ ਪਾਰਕ, ਨੰ. 14, 3ਜੀ ਮੇਨ ਰੋਡ, ਅੰਬਾਤੂਰ ਇੰਡਸਟਰੀਅਲ ਇਸਟੇਟ, ਅੰਬਾਤੂਰ, ਚੈੱਨਈ - 600058

⇨ਈਮੇਲ yesfirstcc@yesbank.in

## 5. ਅਣਗਹਿਲੀ ਅਤੇ ਹਾਲਾਤ

ਜੇ ਕਾਰਡਮੈਂਬਰ ਪੇਮੈਂਟ ਡਿਊ ਡੇਟ ਤਕ ਘੱਟੋਘੱਟ, ਘੱਟ ਤੋਂ ਘੱਟ ਬਕਾਇਆ ਰਕਮ ਵੀ ਨਾ ਭੁਗਤਾਏ, ਤਾਂ ਰਿਜ਼ਰਵ ਬੈਂਕ ਆਫ਼ ਇੰਡੀਆ (ਆਰਬੀਆਈ) ਦੁਆਰਾ ਅਧਿਕਾਰਿਤ, ਕ੍ਰੈਡਿਟ ਬਿਊਰੋ ਨੂੰ ਮਾਸਿਕ ਸਪੁਰਦਗੀਆਂ ਵਿੱਚ ਅਕਾਊਂਟ ਨੂੰ 'ਓਵਰਡਿਊ' ਵਜੋਂ ਰਿਪੋਰਟ ਕੀਤਾ ਜਾਏਗਾ। ਘੱਟੋਘੱਟ, ਘੱਟ ਤੋਂ ਘੱਟ ਬਕਾਇਆ ਦੀ ਗੈਰ-ਅਦਾਇਗੀ ਸ਼ਾਇਦ ਕ੍ਰੈਡਿਟ ਕਾਰਡ ਸੇਵਾਵਾਂ ਵਿੱਚ ਗੜਬੜ ਪੈਦਾ ਕਰ ਦੇਵੇ। ਕਾਰਡਮੈਂਬਰ ਨੂੰ ਬਾਅਦ ਦੀਆਂ ਸਟੇਟਮੈਂਟਾਂ ਵਿੱਚ ਯਾਦ ਕਰਾਇਆ ਜਾਏਗਾ ਕਿ ਉਹ ਆਪਣੀ ਬਕਾਇਆ ਰਕਮ ਅਦਾ ਕਰ ਦੇਵੇ। ਜੇ ਕਾਰਡਮੈਂਬਰ ਲੋੜੀਂਦੀ ਅਦਾਇਗੀ ਕਰ ਦੇਵੇ, ਤਾਂ ਉਸ ਦੇ ਰਿਕਾਰਡ ਨੂੰ, ਕ੍ਰੈਡਿਟ ਬਿਊਰੋ ਨੂੰ ਭੇਜੇ ਜਾਣ ਵਾਲੇ ਮਾਸਿਕ ਰੀਫ੍ਰੈਸ਼ ਵਿੱਚ 'ਕਰੰਟ' ਵਜੋਂ ਅਪਡੇਟ ਕਰ ਦਿੱਤਾ ਜਾਏਗਾ।

ਅਣਗਹਿਲੀ ਦੇ ਮਾਮਲੇ ਵਿੱਚ, ਕਾਰਡਮੈਂਬਰ ਨੂੰ ਸਮੇਂ-ਸਮੇਂ ਯੋਗ ਸੰਚਾਰ ਚੈਨਲਾਂ ਰਾਹੀਂ ਯਾਦ ਕਰਾਉਣ ਲਈ ਰੀਮਾਈਂਡਰ ਭੇਜੇ ਜਾਣਗੇ ਕਿ ਕਾਰਡ ਅਕਾਊਂਟ ਦੀ ਕਿਸੇ ਵੀ ਬਕਾਇਆ ਰਕਮ ਦਾ ਨਿਪਟਾਰਾ ਕਰ ਦੇਵੇ ਅਤੇ/ਜਾਂ ਤੀਜੀਆਂ ਪਾਰਟੀਆਂ ਰਾਹੀਂ ਯਾਦ ਕਰਾਉਣ, ਫ਼ਾਲੋਅਪ ਕਰਨ ਅਤੇ ਬਕਾਇਆ ਉਗਰਾਹੁਣ ਲਈ ਉਹਨਾਂ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਨਿਯੁਕਤ ਕੀਤੀ ਗਈ ਕੋਈ ਵੀ ਤੀਜੀ ਪਾਰਟੀ ਬਕਾਇਆ ਉਗਰਾਹੁਣ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਆਚਾਰ ਸੰਹਿਤਾ ਦਾ ਪਾਲਣ ਕਰੇਗੀ।

## 6. ਲੀਅਨ ਦਾ ਅਧਿਕਾਰ

ਯੈੱਸ ਬੈਂਕ ਕੋਲ ਕਿਸੇ ਵੀ ਸਮੇਂ ਅਤੇ ਬਿਨਾ ਨੋਟਿਸ, ਇਹ ਲੀਅਨ ਅਤੇ ਅਧਿਕਾਰ ਹੋਏਗਾ ਕਿ ਯੈੱਸ ਬੈਂਕ ਦੁਆਰਾ ਮੰਗ ਕੀਤੀ ਜਾਣ 'ਤੇ, ਕਾਰਡ ਅਕਾਊਂਟ 'ਤੇ ਬਕਾਇਆ ਰਕਮ ਨਿਰਧਾਰਿਤ ਸਮੇਂ ਦੇ ਅੰਦਰ ਅਦਾ ਨਾ ਕਰ ਦਿੱਤੀ ਜਾਏ, ਤਾਂ ਯੈੱਸ ਬੈਂਕ ਕਾਰਡਮੈਂਬਰ ਦੀਆਂ ਸਾਰੀਆਂ ਰਕਮਾਂ ਅਤੇ/ਜਾਂ ਯੈੱਸ ਬੈਂਕ ਦੇ ਖਾਤੇ/ਕਸਟਡੀ ਵਿੱਚ ਐਡ-ਆਨ ਕਾਰਡਮੈਂਬਰ ਦੇ ਕ੍ਰੈਡਿਟ ਵਿੱਚ ਪਈ ਰਕਮ 'ਤੇ ਸੈੱਟ-ਆਫ਼ ਕਰ ਸਕੇ।

## 7. ਕਾਰਡ ਮੈਂਬਰਸ਼ਿਪ ਦੀ ਸਮਾਪਤੀ/ਰੱਦੀਕਰਨ

- ਕਾਰਡਮੈਂਬਰ ਹੇਠਲੇ ਪਤੇ 'ਤੇ ਯੈੱਸ ਬੈਂਕ ਨੂੰ ਲਿਖਤੀ ਦਰਖ਼ਾਸਤ ਅਤੇ ਨਾਲ ਹੀ ਕਾਰਡ ਦੇ ਤਿਰਛੇ ਕੱਟੇ ਹੋਏ ਘੱਟੋਘੱਟ 4 ਟੁਕੜੇ ਭੇਜਣ ਨਾਲ ਕਿਸੇ ਵੀ ਸਮੇਂ ਕਾਰਡ ਮੈਂਬਰਸ਼ਿਪ ਨੂੰ ਸਮਾਪਤ ਕਰ ਸਕਦਾ ਹੈ :
- **ਯੈੱਸ ਬੈਂਕ ਲਿਮਿਟੇਡ, ਵੰਨ ਇੰਡੀਆ ਬੁੱਲਜ਼ ਪਾਰਕ, ਨੰ.14, 3ਜੀ ਮੇਨ ਰੋਡ, ਅੰਬਾਤੂਰ ਇੰਡਸਟਰੀਅਲ ਇਸਟੇਟ, ਅੰਬਾਤੂਰ, ਚੈੱਨਈ - 600058.** ਸਭ ਕਾਰਡ ਅਤੇ ਐਡ-ਆਨ ਕਾਰਡ ਲਿਖਤੀ ਦਰਖ਼ਾਸਤ ਵਸੂਲ ਹੋਣ 'ਤੇ ਸਮਾਪਤ ਕਰ ਦਿੱਤੇ ਜਾਣਗੇ। ਸਮਾਪਤੀ ਤਦ ਹੀ ਪ੍ਰਭਾਵਕਾਰੀ ਹੋਏਗੀ ਜਦ ਕਾਰਡ ਦੇ ਕੱਟੇ ਹੋਏ ਟੁਕੜੇ ਅਤੇ ਕਾਰਡ ਅਕਾਊਂਟ ਵਿੱਚ ਬਕਾਇਆ ਸਭ ਰਕਮਾਂ ਵਸੂਲ ਹੋ ਜਾਣ। ਕੋਈ ਵੀ ਵਾਰਸ਼ਿਕ, ਦਾਖ਼ਲ ਹੋਣ ਦੀ ਜਾਂ ਨਵੀਨੀਕਰਨ ਫ਼ੀਸ ਪ੍ਰੋ-ਰੇਟਾ ਆਧਾਰ 'ਤੇ ਵਾਪਸ ਨਹੀਂ ਕੀਤੀ ਜਾਏਗੀ।
- ਜੇ ਯੈੱਸ ਬੈਂਕ ਕ੍ਰੈਡਿਟ ਕਾਰਡ ਦੀ ਵਰਤੋਂ ਵਿੱਚ ਕੁਝ ਗੈਰਆਮ ਅਤੇ ਅਸਾਧਾਰਨ ਪੈਟਰਨ (ਤੌਰ-ਤਰੀਕਾ) ਵੇਖਦਾ ਹੈ, ਤਾਂ ਯੈੱਸ ਬੈਂਕ ਆਪਣੇ ਰਿਕਾਰਡ ਵਿੱਚ ਮੌਜੂਦ ਰਜਿਸਟਰਡ ਫ਼ੋਨ ਨੰਬਰ ਉੱਤੇ ਕਾਰਡਮੈਂਬਰ ਨਾਲ ਸੰਪਰਕ ਕਰਨ ਦਾ ਯਤਨ ਕਰੇਗਾ ਤਾਂ ਕਿ ਕਾਰਡ ਟ੍ਰਾਂਜ਼ੈਕਸ਼ਨ ਦੀ ਵੈਧਤਾ ਦੀ ਤਸਦੀਕ ਕੀਤੀ ਜਾ ਸਕੇ।
- ਜੇ ਯੈੱਸ ਬੈਂਕ ਕਾਰਡਮੈਂਬਰ ਨਾਲ ਸੰਪਰਕ ਕਾਇਮ ਕਰਨ ਵਿੱਚ ਸਫਲ ਨਾ ਹੋਵੇ, ਤਾਂ ਜੇ ਯੈੱਸ ਬੈਂਕ ਵਾਜਬੀ ਤੌਰ 'ਤੇ ਯਕੀਨ ਰੱਖਦਾ ਹੈ ਕਿ ਕਾਰਡਮੈਂਬਰ ਦੇ ਹਿੱਤ ਵਿੱਚ/ਜਾਂ ਸੁਰੱਖਿਆ ਕਾਰਨਾਂ ਕਰਕੇ ਇਹ ਜ਼ਰੂਰੀ ਹੈ, ਤਾਂ ਉਹ ਬਿਨਾ ਕਿਸੇ ਹੋਰ ਨੋਟਿਸ ਦੇ ਕ੍ਰੈਡਿਟ ਕਾਰਡ ਦੀ ਵਰਤੋਂ 'ਤੇ ਬੰਦਸ਼ ਲਗਾ ਸਕਦਾ ਹੈ/ਕਾਰਡ ਦੀ ਸਮਾਪਤੀ ਕਰ ਸਕਦਾ ਹੈ।
- ਜੇ ਕਾਰਡਮੈਂਬਰ ਬਕਾਇਆ ਰਕਮ ਦੇ ਭੁਗਤਾਨ ਵਿੱਚ ਕਸੂਰਵਾਰ ਹੁੰਦਾ ਹੈ ਜਾਂ ਵਧਾਈ ਗਈ ਕ੍ਰੈਡਿਟ ਸੀਮਾ ਵੀ ਲੰਘ ਜਾਂਦਾ ਹੈ, ਤਾਂ ਯੈੱਸ ਬੈਂਕ ਕ੍ਰੈਡਿਟ ਕਾਰਡ ਦੀ ਸਹੂਲਤ ਨੂੰ ਮੁਅੱਤਲ ਕਰ ਸਕਦਾ ਹੈ। ਕਾਰਡਮੈਂਬਰ ਐਗਰੀਮੈਂਟ ਖ਼ਤਮ ਹੋ ਜਾਣ ਤੋਂ ਬਾਅਦ ਜਾਂ ਕਾਰਡ ਅਕਾਊਂਟ ਮੁਅੱਤਲ ਕਰ ਦਿੱਤੇ ਜਾਣ ਤੋਂ ਬਾਅਦ, ਕ੍ਰੈਡਿਟ ਕਾਰਡ ਨਹੀਂ ਵਰਤਣਾ ਚਾਹੀਦਾ। ਐਸੀ ਹਾਲਤ ਵਿੱਚ, ਕਾਰਡਮੈਂਬਰ ਨੂੰ (ਕਿਸੇ ਵੀ ਅਣਗਹਿਲੀ ਜਾਂ ਕਾਨੂੰਨ ਦੁਆਰਾ ਲੋੜੀਂਦੇ ਨੋਟਿਸ ਅਧੀਨ) ਜ਼ਰੂਰੀ ਤੌਰ 'ਤੇ ਕ੍ਰੈਡਿਟ ਕਾਰਡ ਅਕਾਊਂਟ 'ਤੇ ਕੁੱਲ ਬਕਾਇਆ ਰਕਮ ਅਦਾ ਕਰਨੀ ਹੋਏਗੀ। ਇਸ ਵਿੱਚ ਸ਼ਾਮਿਲ ਹਨ ਕਾਰਡਮੈਂਬਰ ਐਗਰੀਮੈਂਟ ਅਧੀਨ ਯੈੱਸ ਬੈਂਕ ਨੂੰ ਭੁਗਤਾਨਸ਼ੀਲ ਸਾਰੀਆਂ ਰਕਮਾਂ ਬਸ਼ਮੂਲ ਸਾਰੀਆਂ ਟ੍ਰਾਂਜ਼ੈਕਸ਼ਨਾਂ ਅਤੇ ਹੋਰ ਰਕਮ ਜੋ ਅਜੇ ਤਕ ਕ੍ਰੈਡਿਟ ਕਾਰਡ ਅਕਾਊਂਟ ਨੂੰ ਚਾਰਜ ਨਹੀਂ ਕੀਤੀਆਂ ਗਈਆਂ। ਕ੍ਰੈਡਿਟ ਕਾਰਡ ਤਦ ਤਕ ਬੰਦ ਕੀਤਾ ਗਿਆ ਨਹੀਂ ਸਮਝਿਆ ਜਾਏਗਾ ਜਦ ਤਕ ਕਾਰਡਬੈਂਬਰ ਬੈਂਕ ਦੀਆਂ ਸਾਰੀਆਂ ਬਕਾਇਆ ਰਕਮਾਂ ਦੀ ਪੂਰੀ ਅਦਾਇਗੀ ਨਹੀਂ ਕਰ ਦੇਂਦਾ।
- ਕਾਰਡਮੈਂਬਰ ਦੀ ਮੌਤ ਜਾਂ ਅਯੋਗਤਾ ਹੋਣ ਦੀ ਹਾਲਤ ਵਿੱਚ ਉਸ ਦੇ ਨਾਂ ਵਿੱਚ ਅਤੇ ਕਿਸੇ ਵੀ ਐਡ-ਆਨ ਕਾਰਡਮੈਂਬਰ ਨੂੰ ਇਸ਼ੂ ਕੀਤਾ ਗਿਆ ਕਾਰਡ ਆਪਣੇ ਆਪ ਰੱਦ ਹੋ ਜਾਏਗਾ। ਕਿਸੇ ਵੀ ਸਰਕਾਰੀ/ਵਿਨਿਯਾਮਕ ਦਫ਼ਤਰ ਵੱਲੋਂ ਦਿੱਤੀ ਗਈ ਹਿਦਾਇਤ 'ਤੇ ਵੀ ਕ੍ਰੈਡਿਟ ਕਾਰਡ ਅਕਾਊਂਟ ਮੁਅੱਤਲ ਹੋ ਜਾਏਗਾ। ਕ੍ਰੈਡਿਟ ਕਾਰਡ ਅਕਾਊਂਟ 'ਤੇ ਸਭ ਬਕਾਇਆ ਰਕਮਾਂ ਨੂੰ ਮੌਤ ਜਾਂ ਅਯੋਗਤਾ ਕਾਰਨ, ਜੋ ਵੀ ਸਥਿਤੀ ਹੋਵੇ, ਭੁਗਤਾਨਸ਼ੀਲ ਸਮਝਿਆ ਜਾਏਗਾ, ਅਤੇ ਯੈੱਸ ਬੈਂਕ ਨੂੰ ਇਹ ਪਾਤਰਤਾ ਹਾਸਲ ਹੋਏਗੀ ਕਿ ਉਹ ਸਾਰੀਆਂ ਬਾਕੀ ਰਕਮਾਂ ਨੂੰ ਫ਼ੌਰਨ ਅਦਾ ਕਰਨ ਲਈ ਕਾਰਡਮੈਂਬਰ ਦੀ ਜ਼ਿੰਮੇਵਾਰੀ ਪ੍ਰਤੀ ਬਿਨਾ ਕਿਸੇ ਪੱਖਪਾਤ ਦੇ, ਬਕਾਇਆ ਰਕਮ ਨੂੰ ਪ੍ਰਚੱਲਿਤ ਸੰਬੰਧਿਤ ਕਾਨੂੰਨਾਂ ਅਧੀਨ ਵਸੂਲ ਕਰ ਸਕੇ।

## 8. ਕਾਰਡ ਦਾ ਗਵਾਚਣਾ/ਚੋਰੀ ਹੋਣਾ/ਦੁਰਉਪਯੋਗ

- ਜੇ ਪ੍ਰਾਇਮਰੀ ਜਾਂ ਕੋਈ ਵੀ ਅਡੀਸ਼ਨਲ ਕ੍ਰੈਡਿਟ ਕਾਰਡ ਗਵਾਚ ਜਾਏ, ਗੁੰਮ ਹੋ ਜਾਏ, ਚੋਰੀ ਹੋ ਜਾਏ, ਬਦਸ਼ਕਲ ਯਾਨੀ ਖ਼ਰਾਬ ਹੋ ਜਾਏ, ਡਿਊ ਸਮੇਂ 'ਤੇ ਵਸੂਲ ਨਾ ਹੋਏ ਜਾਂ ਕਾਰਡਮੈਂਬਰ ਨੂੰ ਸ਼ੱਕ ਹੋਏ ਕਿ ਕ੍ਰੈਡਿਟ ਕਾਰਡ ਉਸ ਦੀ ਇਜਾਜ਼ਤ ਬਿਨਾ ਹੀ ਵਰਤਿਆ ਜਾ ਰਿਹਾ ਹੈ, ਤਾਂ ਕਾਰਡਮੈਂਬਰ ਨੂੰ ਜ਼ਰੂਰੀ ਰੂਪ ਵਿੱਚ ਫ਼ੌਰਨ ਸਾਡੇ 24x7 ਯੈੱਸ ਟੱਚ ਕਸਟਮਰ ਕੇਅਰ ਨੰਬਰ (ਜਿਵੇਂ ਕਿ ਪੰਨਾ 9 'ਤੇ ਬਿਆਨ ਕੀਤਾ ਗਿਆ ਹੈ) 'ਤੇ ਸੂਚਿਤ ਕਰਨਾ ਚਾਹੀਦਾ ਹੈ।
- ਕਾਰਡਮੈਂਬਰ ਨੂੰ ਜ਼ਰੂਰ ਚਾਹੀਦਾ ਹੈ ਕਿ ਉਹ ਕੋਈ ਵੀ ਅਨਾਧਿਕ੍ਰਿਤ ਇਲੈਕਟ੍ਰਾਨਿਕ ਬੈਂਕਿੰਗ ਟ੍ਰਾਂਜ਼ੈਕਸ਼ਨ ਦੀ ਖ਼ਬਰ, ਐਸੀ ਟ੍ਰਾਂਜ਼ੈਕਸ਼ਨ ਹੋਣ ਤੋਂ ਬਾਅਦ ਜਲਦੀ ਤੋਂ ਜਲਦੀ ਬੈਂਕ ਨੂੰ ਦੇ ਦੇਵੇ, ਕਿਉਂਕਿ ਬੈਂਕ ਨੂੰ ਸੂਚਿਤ ਕਰਨ ਵਿੱਚ ਜਿੰਨਾ ਲੰਮਾ ਅਰਸਾ ਲਿਆ ਜਾਏਗਾ, ਓਨਾ ਹੀ ਵਧੇਰੇ ਹਾਨੀ ਦਾ ਜੋਖਮ ਬੈਂਕ/ਕਾਰਡਮੈਂਬਰ ਨੂੰ ਹੋਏਗਾ।
- **ਏ. ਗਾਹਕ ਦੀ ਸੀਮਿਤ ਦੇਣਦਾਰੀ**
- ਹੇਠਲੀਆਂ ਅਵਸਥਾਵਾਂ ਵਿੱਚ, ਅਨਾਧਿਕ੍ਰਿਤ ਟ੍ਰਾਂਜ਼ੈਕਸ਼ਨ ਹੋਣ ਦੇ ਕਾਰਨ ਹਾਨੀ ਲਈ ਗਾਹਕ ਦੇਣਦਾਰ ਹੋਏਗਾ:
- ਜਦ ਹਾਨੀ ਗਾਹਕ ਦੀ ਅਣਗਹਿਲੀ ਕਾਰਨ ਹੋਈ ਹੋਵੇ, ਜਿਵੇਂ ਕਿ ਉਸ ਨੇ ਆਪਣਾ ਭੁਗਤਾਨ ਪਰੀਚੇਪੱਤਰ ਕਿਸੇ ਨਾਲ ਸਾਂਝਾ ਕੀਤਾ ਹੋਵੇ, ਗਾਹਕ ਜਦ ਤਕ ਅਨਾਧਿਕ੍ਰਿਤ ਟ੍ਰਾਂਜ਼ੈਕਸ਼ਨ ਦੀ ਖ਼ਬਰ ਬੈਂਕ ਨੂੰ ਨਾ ਦੇ ਦੇਵੇ, ਤਦ ਤਕ ਉਹ ਖ਼ੁਦ ਹੀ ਪੂਰੀ ਹਾਨੀ ਦਾ ਭਾਗੀ ਹੋਏਗਾ।
- ਜਦੋਂ ਅਨਾਧਿਕ੍ਰਿਤ ਇਲੈਕਟ੍ਰਾਨਿਕ ਬੈਂਕਿੰਗ ਟ੍ਰਾਂਜ਼ੈਕਸ਼ਨ ਦੀ ਜ਼ਿੰਮੇਵਾਰੀ ਨਾ ਤਾਂ ਬੈਂਕ ਦੀ ਹੋਵੇ ਅਤੇ ਨਾ ਹੀ ਗਾਹਕ ਦੀ, ਸਗੋਂ ਇਹ ਸਿਸਟਮ ਵਿੱਚ ਕਿਸੇ ਹੋਰ ਦੀ ਹੀ ਹੋਵੇ, ਅਤੇ ਜਿੱਥੇ ਐਸੀ ਟ੍ਰਾਂਜ਼ੈਕਸ਼ਨ ਦੀ ਸੂਚਨਾ ਬੈਂਕ ਨੂੰ ਦੇਣ ਵਿੱਚ ਦੇਰ ਹੋ ਜਾਵੇ (ਬੈਂਕ ਵੱਲੋਂ ਸੂਚਨਾ ਵਸੂਲਣ ਤੋਂ ਬਾਅਦ ਚਾਰ ਤੋਂ ਸੱਤ ਦਿਨਾਂ ਦੀ), ਤਾਂ ਗਾਹਕ ਦੀ ਪ੍ਰਤੀ ਟ੍ਰਾਂਜ਼ੈਕਸ਼ਨ ਦੇਣਦਾਰੀ ਟ੍ਰਾਂਜ਼ੈਕਸ਼ਨ ਦੇ ਮੁੱਲ ਤਕ ਸੀਮਿਤ ਕੀਤੀ ਜਾਏਗੀ ਜਾਂ ਟੇਬਲ 1 ਵਿੱਚ ਦਰਸਾਈ ਰਕਮ, ਜੋ ਵੀ ਘੱਟ ਹੋਵੇ।

**ਟੇਬਲ 1**

| ਖਾਤੇ ਦੀ ਕਿਸਮ | ਅਧਿਕਤਮ ਦੇਣਦਾਰੀ (₹) |
|---|---|
| ₹5 ਲੱਖ ਤਕ ਦੀ ਸੀਮਾ ਵਾਲੇ ਕ੍ਰੈਡਿਟ ਕਾਰਡ | ₹ 10,000 |
| ₹5 ਲੱਖ ਤੋਂ ਵੱਧ ਦੀ ਸੀਮਾ ਵਾਲੇ ਕ੍ਰੈਡਿਟ ਕਾਰਡ | ₹ 25,000 |

ਤੀਜੀ ਪਾਰਟੀ ਵੱਲੋਂ ਕਾਨੂੰਨ ਦੀ ਖ਼ਿਲਾਫ਼-ਵਰਜ਼ੀ ਦੀ ਹਾਲਤ ਵਿੱਚ ਗਾਹਕ ਦੀ ਮੁਕੰਮਲ ਦੇਣਦਾਰੀ, ਜਿੱਥੇ ਕਿ ਦੋਸ਼ ਨਾ ਤਾਂ ਬੈਂਕ ਦਾ ਤੇ ਨਾ ਹੀ ਗਾਹਕ ਦਾ ਹੋਵੇ, ਸਗੋਂ ਸਿਸਟਮ ਵਿੱਚ ਕਿਸੇ ਹੋਰ ਹੀ ਕਾਰਨ ਹੋਵੇ, ਟੇਬਲ 2 ਵਿੱਚ ਖ਼ੁਲਾਸਾ ਕੀਤੀ ਗਈ ਹੈ:

**ਟੇਬਲ 2**
**ਗਾਹਕ ਦੀ ਜ਼ਿੰਮੇਵਾਰੀ ਦਾ ਖ਼ੁਲਾਸਾ**

| ਸੂਚਨਾ ਵਸੂਲਣ ਦੀ ਮਿਤੀ ਤੋਂ ਧੋਖੇਧੜੀ ਦੀ ਟ੍ਰਾਂਜ਼ੈਕਸ਼ਨ ਨੂੰ ਰਿਪੋਰਟ ਕਰਨ ਵਿੱਚ ਲਿਆ ਸਮਾਂ | ਗਾਹਕ ਦੀ ਦੇਣਦਾਰੀ (₹) |
|---|---|
| 3 ਕੰਮਕਾਜੀ ਦਿਨਾਂ ਅੰਦਰ | ਸਿਫ਼ਰ ਦੇਣਦਾਰੀ |
| 4-7 ਕੰਮਕਾਜੀ ਦਿਨਾਂ ਅੰਦਰ | ਟ੍ਰਾਂਜ਼ੈਕਸ਼ਨ ਦਾ ਮੁੱਲ ਜਾਂ ਟੇਬਲ 1 ਵਿੱਚ ਦਰਸਾਈ ਰਕਮ, ਜੋ ਵੀ ਘੱਟ ਹੋਵੇ |
| 7 ਕੰਮਕਾਜੀ ਦਿਨਾਂ ਤੋਂ ਵਧੇਰੇ | ਪੂਰਾ ਟ੍ਰਾਂਜ਼ੈਕਸ਼ਨ ਮੁੱਲ (ਬੈਂਕ ਦੀ ਸਿਫ਼ਰ ਦੇਣਦਾਰੀ) |

- ਟੇਬਲ 2 ਵਿੱਚ ਦਰਸਾਏ ਕੰਮਕਾਜੀ ਦਿਨਾਂ ਦੀ ਸੰਖਿਆ, ਸੂਚਨਾ ਵਸੂਲਣ ਵਾਲੀ ਮਿਤੀ ਨੂੰ ਛੱਡ ਕੇ ਗਾਹਕ ਦੀ ਹੋਮ ਬ੍ਰਾਂਚ ਦੇ ਕੰਮਕਾਜੀ ਸ਼ਡਿਊਲ ਅਨੁਸਾਰ ਗਿਣੀ ਜਾਏਗੀ।
- ਕ੍ਰੈਡਿਟ ਕਾਰਡ ਦੇ ਗਵਾਚਣ ਜਾਂ ਚੋਰੀ ਹੋਣ ਦੀ ਹਾਲਤ ਵਿੱਚ ਜਿੱਥੇ ਕਾਰਡਮੈਂਬਰ ਨੇ ਉਪਰੋਕਤ ਬਿਆਨ ਕੀਤੇ ਗਏ ਮਾਪਦੰਡ ਪੂਰੇ ਕੀਤੇ ਹੋਣ, ਕਾਰਡਮੈਂਬਰ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਚੋਰੀ ਹੋਣ ਦੀ ਰਿਪੋਰਟ ਪੁਲੀਸ ਨੂੰ ਕਰੇ, ਐਫ਼ਆਈਆਰ ਦਰਜ ਕਰਾਏ ਅਤੇ ਪੁਲਿਸ ਵੱਲੋਂ ਵਸੂਲੀ ਰਸੀਦ ਦੀ ਕਾਪੀ ਬੈਂਕ ਨੂੰ ਦੇਵੇ।
- ਜੇ ਕਾਰਡਮੈਂਬਰ ਜਾਂ ਐਡ-ਆਨ ਕਾਰਡਮੈਂਬਰ ਦੀ ਇਜਾਜ਼ਤ ਨਾਲ ਕੋਈ ਪਿਨ ਜਾਂ ਕਾਰਡ ਹਾਸਲ ਕਰਦਾ ਹੈ ਅਤੇ ਇਸ ਦੀ ਦੁਰ-ਵਰਤੋਂ ਕਰਦਾ ਹੈ, ਤਾਂ ਐਸੀ ਹਾਲਤ ਵਿੱਚ ਹੋਏ ਸਭ ਨੁਕਸਾਨਾਂ ਦੀ ਦੇਣਦਾਰੀ ਕਾਰਡਮੈਂਬਰ ਦੀ ਹੀ ਹੋਏਗੀ।
- ਜੇ ਕਾਰਡਮੈਂਬਰ ਧੋਖੇਧੜੀ ਨਾਲ ਕੁਝ ਕਰਦਾ ਹੈ, ਤਾਂ ਸਭ ਨੁਕਸਾਨਾਂ ਲਈ ਉਹ ਖ਼ੁਦ ਹੀ ਦੇਣਦਾਰ ਹੋਏਗਾ। ਜੇ ਕਾਰਡਮੈਂਬਰ ਬਿਨਾ ਕਿਸੇ ਵਾਜਬੀ ਸਾਵਧਾਨੀ ਦੇ ਕੁਝ ਕਰਦਾ ਹੈ, ਤਾਂ ਉਠਾਏ ਗਏ ਸਾਰੇ ਨੁਕਸਾਨਾਂ ਦੀ ਦੇਣਦਾਰੀ ਉਸੇ ਦੀ ਹੀ ਹੋਏਗੀ।
- ਜੇ ਯੈੱਸ ਬੈਂਕ ਕਾਰਡ ਜਾਂ ਪਿਨ ਦੇ ਨੁਕਸਾਨ, ਚੋਰੀ ਜਾਂ ਦੁਰਵਰਤੋਂ ਬਾਰੇ ਪ੍ਰਸੰਗਿਕ ਸਮਝੇ ਤਾਂ ਉਹ ਬਿਨਾ ਕਾਰਡਮੈਂਬਰ ਜਾਂ ਕਿਸੇ ਵੀ ਐਡ-ਆਨ ਕਾਰਡਮੈਂਬਰ ਨਾਲ ਗੱਲ ਕੀਤਿਆਂ, ਕੋਈ ਵੀ ਜਾਣਕਾਰੀ ਪੁਲੀਸ ਜਾਂ ਹੋਰ ਸੰਬੰਧਿਤ ਅਧਿਕਾਰੀਆਂ ਨੂੰ ਦੇ ਸਕਦਾ ਹੈ।
- ਇਕ ਵਾਰ ਜਦ ਕਾਰਡ ਗੁੰਮ ਹੋਣ ਬਾਰੇ ਰਿਪੋਰਟ ਕਰ ਦਿੱਤੀ ਜਾਏ ਤਾਂ ਕਿਸੇ ਵੀ ਹਾਲਤ ਵਿੱਚ ਇਹ ਵਰਤਣਾ ਨਹੀਂ ਚਾਹੀਦਾ ਜੇ ਕਿਧਰੇ ਬਾਅਦ ਵਿੱਚ ਕਾਰਡਮੈਂਬਰ ਨੂੰ ਇਹ ਲੱਭ ਪੈਂਦਾ ਹੈ। ਕਿਰਪਾ ਕਰਕੇ ਇਸ ਦੀ ਮੈਗਨੇਟਿਕ ਸਟ੍ਰਿਪ ਅਤੇ ਈਐਮਵੀ ਚਿੱਪ ਦੇ ਆਰਪਾਰ ਕੱਟ ਕੇ ਕਾਰਡ ਦੇ ਕਈ ਟੁਕੜੇ ਕਰਕੇ ਨਸ਼ਟ ਕਰ ਦਿਓ।
- ਕਾਰਡਮੈਂਬਰ ਨੂੰ ਜਾਰੀ ਕੀਤਾ ਗਿਆ ਪਿਨ (ਨਿੱਜੀ ਪਛਾਣ ਨੰਬਰ) ਜੋ ਕਿ ਕ੍ਰੈਡਿਟ ਕਾਰਡ ਨਾਲ ਵਰਤਿਆ ਜਾਣਾ ਹੈ ਜਾਂ ਕਾਰਡਮੈਂਬਰ ਦੁਆਰਾ ਪਿਨ ਵਜੋਂ ਚੁਣਿਆ ਗਿਆ ਨੰਬਰ ਸਿਰਫ਼ ਕਾਰਡਮੈਂਬਰ ਨੂੰ ਹੀ ਪਤਾ ਹੋਣਾ ਚਾਹੀਦਾ ਹੈ। ਇਹ ਕਾਰਡਮੈਂਬਰ ਦੀ ਨਿੱਜੀ ਵਰਤੋਂ ਲਈ ਹੈ ਅਤੇ ਇਹ ਨਾਨ-ਟ੍ਰਾਂਸਫ਼ਰੇਬਲ ਤੇ ਪੂਰੀ ਤਰ੍ਹਾਂ ਗੁਪਤ ਹੈ। ਪਿਨ ਨੂੰ ਕਿਸੇ ਵੀ ਤਰ੍ਹਾਂ ਲਿਖ ਕੇ ਕਿਧਰੇ ਨਹੀਂ ਰੱਖਣਾ ਚਾਹੀਦਾ ਤਾਂ ਕਿ ਕੋਈ ਹੋਰ ਜਣਾ ਇਸ ਦੀ ਵਰਤੋਂ ਨਾ ਕਰ ਸਕੇ। ਪਿਨ

ਨੂੰ ਕਿਸੇ ਵੀ ਤਰ੍ਹਾਂ, ਕਿਸੇ ਵੀ ਹਾਲਤ ਵਿੱਚ, ਸਵੈਇੱਛਾ ਨਾਲ ਜਾਂ ਉਂਜ, ਕਿਸੇ ਵੀ ਤੀਜੀ ਪਾਰਟੀ, ਯੈੱਸ ਬੈਂਕ ਦੇ ਸਟਾਫ਼ ਮੈਂਬਰਾਂ ਜਾਂ ਵਪਾਰੀਆਂ, ਦੁਕਾਨਦਾਰਾਂ ਨੂੰ ਨਹੀਂ ਦੱਸਣਾ ਚਾਹੀਦਾ। ਜੇ ਕਾਰਡਮੈਂਬਰ ਪਿਨ ਨਾਲ ਕੋਈ ਵੀ ਸਮਝੌਤਾ ਕਰਦਾ ਹੈ ਤਾਂ ਯੈੱਸ ਬੈਂਕ ਅਤੇ/ਜਾਂ ਇਸ ਦਾ ਸਟਾਫ਼/ਕਰਮਚਾਰੀ ਦੇਣਦਾਰ ਜਾਂ ਜ਼ਿੰਮੇਵਾਰ ਨਹੀਂ ਹੋਣਗੇ।

## 9. ਸ਼ਿਕਾਇਤ ਨਿਵਾਰਨ

ਜੇ ਤੁਸੀਂ ਸਾਡੀਆਂ ਸੇਵਾਵਾਂ ਅਤੇ/ਜਾਂ ਯੈੱਸ ਬੈਂਕ ਦੀਆਂ ਪਹੁੰਚ ਚੈਨਲਾਂ ਵੱਜੋਂ ਮਿਲੇ ਹੁੰਗਾਰੇ ਨਾਲ ਸੰਤੁਸ਼ਟ ਨਾ ਹੋਵੋ, ਤਾਂ ਤੁਸੀਂ ਸਾਨੂੰ 1800 103 6000 (ਟੋਲ ਫ੍ਰੀ) / 022-49350000 'ਤੇ ਕਾਲ ਕਰ ਸਕਦੇ ਹੋ ਜਾਂ **yesfirstcc@yesbank.in** 'ਤੇ ਈਮੇਲ ਭੇਜ ਸਕਦੇ ਹੋ। ਜੇ ਮਾਮਲਾ ਤੀਬਰ ਹੋ ਜਾਏ, ਤਾਂ ਤੁਸੀਂ ਸਾਡੇ ਪ੍ਰਮੁੱਖ ਨੋਡਲ ਆਫ਼ੀਸਰ ਮਿ. ਰਤਨ ਕੁਮਾਰ ਕੇਸ਼ ਨਾਲ ਯੈੱਸ ਬੈਂਕ ਲਿਮਿਟੇਡ, 22ਵਾਂ ਫ਼ਲੋਰ, ਆਈਐਫ਼ਸੀ, ਯੈੱਸ ਬੈਂਕ ਟਾਵਰ, ਇਲਫ਼ਿੰਸਟਨ ਰੋ (ਪੱ.), ਮੁੰਬਈ - 4000013 'ਤੇ ਸੰਪਰਕ ਕਰ ਸਕਦੇ ਹੋ; principal.nodalofficer@yesbank.in 'ਤੇ ਈਮੇਲ ਭੇਜ ਸਕਦੇ ਹੋ ਜਾਂ ਸੋਮਵਾਰ ਤੋਂ ਸ਼ੁਕਰਵਾਰ ਤਕ 9.30 ਵਜੇ ਸਵੇਰ ਤੋਂ 05.30 ਵਜੇ ਸ਼ਾਮ ਤਕ 0124-4619044 'ਤੇ ਕਾਲ ਕਰ ਸਕਦੇ ਹੋ।

ਜੇ ਤੁਹਾਨੂੰ ਉਪਰੋਕਤ ਬਿਆਨੀਆਂ ਚੈਨਲਾਂ ਨੂੰ ਫਿਰ ਤੋਂ ਭੇਜੀ ਤੁਹਾਡੀ ਸ਼ਿਕਾਇਤ ਦੀ ਮਿਤੀ ਤੋਂ 1 (ਇਕ) ਮਹੀਨੇ ਅੰਦਰ ਕੋਈ ਜਵਾਬ ਨਾ ਮਿਲੇ, ਜਾਂ ਤੁਸੀਂ ਪ੍ਰਾਪਤ ਹੋਏ ਜਵਾਬ ਨਾਲ ਸੰਤੁਸ਼ਟ ਨਾ ਹੋਵੋ, ਤਾਂ ਤੁਸੀਂ ਇਕ ਸੁਤੰਤਰ ਨਜ਼ਰਸਾਨੀ ਕੀਤੀ ਜਾਣ ਲਈ ਬੈਂਕਿੰਗ ਓਂਬਡਸਮੈਨ ਨੂੰ ਲਿਖ ਸਕਦੇ ਹੋ। ਕਿਰਪਾ ਕਰਕੇ, ਬੈਂਕਿੰਗ ਓਂਬਡਸਮੈਨ ਸਕੀਮ ਬਾਰੇ ਵੇਰਵਾ ਪਾਉਣ ਲਈ www.rbi.org.in 'ਤੇ ਸ਼ਿਕਾਇਤ ਨਿਵਾਰਨ ਵੇਬਪੇਜ 'ਤੇ ਜਾਓ।

## 10. ਪ੍ਰਗਟਾਅ ਅਤੇ ਅਹਿਮ ਵਿਨਿਯਾਮਕ ਜਾਣਕਾਰੀ

- ਕਾਰਡਮੈਂਬਰ ਇਹ ਮੰਨਦਾ ਹੈ ਕਿ ਵਰਤਮਾਨ ਬਿਜ਼ਨਸ ਅਭਿਆਸਾਂ ਅਨੁਸਾਰ, ਬੈਂਕ ਸਮੇਂ-ਸਮੇਂ ਕ੍ਰੈਡਿਟ ਕਾਰਡ(ਡਾਂ) ਬਾਰੇ ਕੋਈ ਵੀ ਜਾਣਕਾਰੀ ਬਿਨਾ ਕਾਰਡਮੈਂਬਰ ਨੂੰ ਨੋਟਿਸ ਦਿੱਤਿਆਂ, ਕਿਸੇ ਵੀ ਕ੍ਰੈਡਿਟ ਬਿਊਰੋ (ਵਰਤਮਾਨ ਜਾਂ ਭਾਵੀ) ਨੂੰ ਪ੍ਰਗਟਾ ਸਕਦਾ ਹੈ।
- ਕ੍ਰੈਡਿਟ ਕਾਰਡ ਅਤੇ ਕਾਰਡਮੈਂਬਰ ਹੋਲਡਜ਼ ਕਾਰਡਮੈਂਬਰ ਦੀ ਪਾਤਰਹ ਦੇ ਆਧਾਰ 'ਤੇ ਅਪਗ੍ਰੇਡ/ਡਾਊਨਗ੍ਰੇਡ ਅਧੀਨ ਅਤੇ ਬੈਂਕ ਦੀ ਮਰਜ਼ੀ ਅਧੀਨ ਹੈ। ਇਹ ਕਾਰਡਮੈਂਬਰ ਨੂੰ ਸਪੁਰਦ ਕੀਤੀ ਗਈ ਕ੍ਰੈਡਿਟ ਸੀਮਾ ਦੇ ਸੰਸ਼ੋਧਨ ਤਕ ਵਧਾਈ ਵੀ ਜਾਂਦੀ ਹੈ, ਅਤੇ ਉਸ ਤਕ ਸੀਮਿਤ ਨਹੀਂ ਹੈ।
- ਦਿ ਕ੍ਰੈਡਿਟ ਇਨਫ਼ਰਮੇਸ਼ਨ ਬਿਊਰੋ ਆਫ਼ ਇੰਡੀਆ ਲਿਮਿਟੇਡ (ਸੀਆਈਬੀਆਈਐਲ) ਭਾਰਤ ਸਰਕਾਰ ਅਤੇ ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਇਕ ਪਹਿਲਕਦਮੀ ਹੈ ਤਾਂ ਕਿ ਵਿੱਤੀ ਪ੍ਰਣਾਲੀ ਦੀ ਕਿਰਿਆਸ਼ੀਲਤਾ ਅਤੇ ਸਥਿਰਤਾ ਨੂੰ ਬਿਹਤਰ ਬਣਾਇਆ ਜਾ ਸਕੇ। ਇਸ ਪਹਿਲਕਦਮੀ ਵਿੱਚ ਭਾਗ ਲੈਣ ਵਾਲੇ ਸਾਰੇ ਬੈਂਕ ਅਤੇ ਵਿੱਤੀ ਸੰਸਥਾਵਾਂ ਲਈ ਇਹ ਜ਼ਰੂਰੀ ਹੈ ਕਿ ਉਹ ਗਾਹਕ ਦਾ ਡਾਟਾ ਸੀਆਈਬੀਆਈਐਲ/ਹੋਰ ਕ੍ਰੈਡਿਟ ਬਿਊਰੋਜ਼ ਨਾਲ ਸਾਂਝਾ ਕਰਨ ਅਤੇ ਇਹ ਜਾਣਕਾਰੀ ਕ੍ਰੈਡਿਟ ਇਨਫ਼ਰਮੇਸ਼ਨ ਕੰਪਨੀਜ਼ ਰੈਗੁਲੇਸ਼ਨ ਐਕਟ, 2005 ਦੇ ਨਿਯਮਾਂ ਅਨੁਸਾਰ ਦਿੱਤੀ ਜਾਂਦੀ ਹੈ। ਇਸ ਦੀ ਰੋਸ਼ਨੀ ਵਿੱਚ ਅਸੀਂ ਕਾਰਡਮੈਂਬਰ ਨੂੰ ਸੂਚਿਤ ਕਰਨਾ ਚਾਹੁੰਦੇ ਹਾਂ ਕਿ ਜੇ ਕਾਰਡ ਦਾ ਭੁਗਤਾਨ ਓਵਰਡਿਊ ਹੈ, ਤਾਂ ਯੈੱਸ ਬੈਂਕ, ਕਾਰਡਮੈਂਬਰ ਨੂੰ ਬਾਕਾਇਦਾ ਨੋਟਿਸ ਦੇ ਕੇ, ਕਾਰਡਮੈਂਬਰ ਦੁਆਰਾ ਕ੍ਰੈਡਿਟ ਕਾਰਡ ਦੀ ਕੀਤੀ ਕਿਸੇ ਅਣਗਹਿਲੀ ਬਾਰੇ, ਕੋਈ ਵੀ ਜਾਣਕਾਰੀ ਸੀਆਈਬੀਆਈਐਲ ਜਾਂ ਕਿਸੇ ਵੀ ਹੋਰ ਕ੍ਰੈਡਿਟ ਬਿਊਰੋ (ਵਰਤਮਾਨ ਜਾਂ ਭਾਵੀ) ਨੂੰ ਦੇ ਸਕਦਾ ਹੈ। ਜੇ ਕੋਈ ਵੀ ਓਵਰਡਿਊ ਰਕਮ ਯੈੱਸ ਬੈਂਕ ਨੂੰ ਵਸੂਲ ਹੁੰਦੀ ਹੈ, ਤਾਂ ਇਸ ਦੀ ਵਸੂਲੀ ਮਿਤੀ ਤੋਂ 60 ਦਿਨਾਂ ਦੀ ਮਿਆਦ ਅੰਦਰ ਡਾਟਾ ਦੇ ਰੀਫ੍ਰੈਸ਼/ਅੱਪਡੇਸ਼ਨ ਬਾਰੇ ਸੀਆਈਬੀਆਈਐਲ/ਹੋਰ ਕ੍ਰੈਡਿਟ ਬਿਊਰੋਜ਼ ਵਿੱਚ ਦੱਸਿਆ ਜਾਏਗਾ।
- ਯੈੱਸ ਬੈਂਕ ਨੇ ਇਹ ਅਧਿਕਾਰ ਰਾਖਵਾਂ ਰੱਖਿਆ ਹੈ, ਕਿ ਬੇਸ਼ਕ ਕਾਰਡਮੈਂਬਰ ਨੇ ਐਸਾ ਬਿੱਲਿੰਗ ਵਿਵਾਦ ਖੜਾ ਕਰ ਦਿੱਤਾ ਹੋਵੇ ਜਿਸ ਬਾਰੇ ਯੈੱਸ ਬੈਂਕ ਨੇ ਅਗੇਤੇ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਅਵੈਧ ਵਿਵਾਦ ਹੈ ਜਾਂ ਯੈੱਸ ਬੈਂਕ ਦੁਆਰਾ ਪਰਿਭਾਸ਼ਿਤ ਕੀਤੇ ਜਾਣ ਅਨੁਸਾਰ ਐਸੇ ਵਿਵਾਦਾਂ ਲਈ ਕੱਟ-ਆਫ਼ ਸਮੇਂ ਤੋਂ ਬਾਅਦ ਕਾਰਡਮੈਂਬਰ ਦੁਆਰਾ ਵਿਵਾਦ ਖੜਾ ਕੀਤਾ ਗਿਆ ਅਤੇ/ਜਾਂ ਵਿਵਾਦ ਐਸੀਆਂ ਟ੍ਰਾਂਜ਼ੈਕਸ਼ਨਾਂ ਬਾਰੇ ਹੈ ਜਿੱਥੇ ਪਿਨ ਜਾਂ ਵਨ ਟਾਈਮ ਪਾਸਵਰਡ ਦੀ ਵਰਤੋਂ ਕੀਤੀ ਗਈ ਹੈ, ਉਹ ਖਤਾ-ਵਾਰ ਕਾਰਡਮੈਂਬਰ ਬਾਰੇ ਬਿਊਰੋ ਨੂੰ ਰਿਪੋਰਟ ਕਰ ਸਕੇ।
- ਯੈੱਸ ਬੈਂਕ ਨੇ ਇਹ ਅਧਿਕਾਰ ਰਾਖਵਾਂ ਰੱਖਿਆ ਹੈ ਕਿ ਉਹ ਰਿਜ਼ਰਵ ਬੈਂਕ ਆਫ਼ ਇੰਡੀਆ (ਆਰਬੀਆਈ) ਦੇ ਲਾਗੂ ਮਾਰਗਦਰਸ਼ਨ ਅਨੁਸਾਰ ਕ੍ਰੈਡਿਟ ਕਾਰਡ ਦੇ ਪ੍ਰਚਾਲਨ ਨਾਲ ਸੰਬੰਧਿਤ ਕੋਈ ਵੀ ਗਤੀਵਿਧੀਆਂ ਯੈੱਸ ਬੈਂਕ ਦੁਆਰਾ ਨਿਯੁਕਤ ਕਿਸੇ ਵੀ ਸੇਵਾ ਪ੍ਰਦਾਤਾ ਦੇ ਸਪੁਰਦ ਕਰ ਦੇਵੇ, ਉਹ ਭਾਵੇਂ ਭਾਰਤ ਵਿੱਚ ਸਥਿਤ ਹੋਵੇ ਜਾ ਵਿਦੇਸ਼ਾਂ ਵਿੱਚ ਅਤੇ ਉਹ ਭਾਵੇਂ ਇਕ ਯੈੱਸ ਬੈਂਕ ਗਰੁੱਪ ਦੀ ਇਕਾਈ ਹੋਵੇ ਜਾਂ ਫਿਰ ਇਕ ਤੀਜੀ ਪਾਰਟੀ। ਯੈੱਸ ਬੈਂਕ ਬਿਨਾ ਕਿਸੇ ਖ਼ਾਸ ਰਜ਼ਾਮੰਦੀ ਦੇ, ਕ੍ਰੈਡਿਟ ਕਾਰਡ ਦੇ ਪ੍ਰਚਾਲਨ ਨਾਲ ਸੰਬੰਧਿਤ ਕਿਸੇ ਵੀ ਗਤੀਵਿਧੀਆਂ ਲਈ ਕਾਰਡਮੈਂਬਰ(ਰਾਂ) ਦੇ ਖਾਤੇ/ਆਵੇਦਨ ਦਾ ਵੇਰਵਾ ਐਸੇ ਸੇਵਾ ਪ੍ਰਦਾਤਾਵਾਂ ਨੂੰ ਪ੍ਰਦਾਨ ਕਰ ਸਕਦਾ/ਨਾਲ ਸਾਂਝਾ ਕਰ ਸਕਦਾ ਹੈ।
- ਅਸੀਂ ਕਾਰਡਮੈਂਬਰ ਨੂੰ ਇਹ ਵੀ ਸੂਚਿਤ ਕਰਨਾ ਚਾਹੁੰਦੇ ਹਾਂ ਕਿ ਯੈੱਸ ਬੈਂਕ, ਆਪਣੀ ਖ਼ੁਦ ਦੀ ਮਰਜ਼ੀ 'ਤੇ, ਸ਼ਿਕਾਇਤ-ਸੰਬੰਧਿਤ ਜਾਂ ਭੁਗਤਾਨ ਉਗਰਾਹੀ-ਸੰਬੰਧਿਤ ਗੱਲਬਾਤ ਜਾਂ ਕਿਸੇ ਵੀ ਹੋਰ ਗੱਲਬਾਤ, ਜਿਸ ਨੂੰ ਯੈੱਸ ਬੈਂਕ ਯੋਗ ਸਮਝੇ, ਦੇ ਮਾਮਲੇ ਵਿੱਚ, ਕਾਰਡਮੈਂਬਰ ਅਤੇ ਯੈੱਸ ਬੈਂਕ ਦੇ ਪ੍ਰਤੀਨਿਧ ਵਿਚਕਾਰ ਹੋਈ ਕਿਸੇ ਵਿਸ਼ੇਸ਼ ਗੱਲਬਾਤ ਨੂੰ ਰਿਕਾਰਡ ਕਰ ਸਕੇਗਾ।
- ਚੋਣਵੇਂ ਕ੍ਰੈਡਿਟ ਕਾਰਡ ਦੇ ਬਦਲਵੇਂ ਰੂਪਾਂ ਵਿੱਚ ਕਾਰਡ ਉੱਤੇ ਸਨਮਾਨਾਰਥ ਬੀਮਾ ਸੁਰੱਖਿਆ ਦੀ ਸਹੂਲਤ ਉਪਲਬਧ ਹੈ। ਪਾਲਿਸੀ ਕਵਰੇਜ ਕ੍ਰੈਡਿਟ ਕਾਰਡ ਸੈੱਟ-ਅਪ ਦੀ ਮਿਤੀ ਤੋਂ ਸ਼ੁਰੂ ਹੋ ਜਾਂਦੀ ਹੈ। ਹੋਰ ਜਾਣਕਾਰੀ ਅਤੇ ਨਿਯਮਾਂ ਤੇ ਸ਼ਰਤਾਂ ਲਈ, ਕਿਰਪਾ ਕਰਕੇ ਯੈੱਸ ਬੈਂਕ ਦੀ ਵੇਬਸਾਈਟ ਵੇਖੋ।
- ਯੈੱਸ ਬੈਂਕ ਸਮੇਂ-ਸਮੇਂ ਵਿਭਿੰਨ ਲੱਛਣਾਂ/ਉਤਪਾਦਾਂ/ਪ੍ਰੋਮੋਸ਼ਨਲ ਆਫ਼ਰਾਂ ਬਾਰੇ ਸੂਚਨਾ ਪ੍ਰਦਾਨ ਕਰਦਾ ਹੈ ਜੋ ਇਸ ਦੇ ਕਾਰਡਮੈਂਬਰਾਂ ਲਈ ਖ਼ਾਸ ਫ਼ਾਇਦੇ ਪੇਸ਼ ਕਰਦੇ ਹਨ ਅਤੇ ਇਹ ਕੰਮ ਕਰਨ ਲਈ ਬੈਂਕ ਤੀਜੀ ਪਾਰਟੀ ਏਜੰਸੀਆਂ ਦੀਆਂ ਸੇਵਾਵਾਂ ਵਰਤ ਸਕਦਾ ਹੈ। ਜੇ ਕਾਰਡਮੈਂਬਰ ਐਸੇ ਫ਼ਾਇਦਿਆਂ ਬਾਰੇ ਟੈਲੀਫ਼ੋਨ ਕਾਲਾਂ/ਐਸਐਮਐਸ ਰਾਹੀਂ ਸੂਚਨਾ ਪ੍ਰਾਪਤ ਨਹੀਂ ਕਰਨਾ ਚਾਹੁੰਦਾ ਤਾਂ ਉਹ 'ਡੂ ਨਟ ਕਾਲ' ਸਰਵਿਸ ਲਈ ਸਬਸਕ੍ਰਾਈਬ ਕਰ ਸਕਦਾ ਹੈ। 'ਡੂ ਨਟ ਕਾਲ' ਸਰਵਿਸ ਲਈ ਸਬਸਕ੍ਰਾਈਬ ਕਰਨ ਲਈ ਕਿਰਪਾ ਕਰਕੇ ਵਿਜ਼ਿਟ ਕਰੋ **www.yesbank.in**
- ਇਹ ਜ਼ਰੂਰੀ ਹੈ ਕਿ ਯੈੱਸ ਬੈਂਕ ਕ੍ਰੈਡਿਟ ਕਾਰਡ ਨਾਲ ਭਾਰਤ ਤੋਂ ਬਾਹਰ ਵਿਦੇਸ਼ਾਂ ਵਿੱਚ ਟ੍ਰਾਂਜ਼ੈਕਸ਼ਨਾਂ ਬਿਲਕੁਲ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਐਕਸਚੇਂਜ ਕੰਟਰੋਲ ਰੈਗੂਲੇਸ਼ਨਜ਼ ਅਤੇ ਫ਼ਾਰੇਨ ਐਕਸਚੇਂਜ ਮੈਨੇਜਮੈਂਟ ਐਕਟ, 1999 ਅਨੁਸਾਰ ਕੀਤੀਆਂ ਜਾਣ। ਭਾਰਤ ਵਿੱਚ ਨਿਵਾਸੀ ਕਾਰਡਮੈਂਬਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਲੈਕਟ੍ਰਾਨਿਕ/ਇੰਟਰਨੈੱਟ ਟ੍ਰੇਡਿੰਗ ਪੋਰਟਲਜ਼ ਦੁਆਰਾ ਓਵਰਸੀਜ਼ ਫ਼ਾਰੇਨ ਐਕਸਚੇਂਜ ਟ੍ਰੇਡਿੰਗ ਲਈ ਕਿਸੇ ਵੀ ਰੂਪ ਵਿੱਚ ਸਿੱਧੇ/ਅਸਿੱਧੇ ਤੌਰ 'ਤੇ ਪੈਸਾ ਵਿਦੇਸ਼ੀਂ ਭੇਜਣ ਦੀ ਮਨਾਹੀ ਕੀਤੀ ਗਈ ਹੈ ਅਤੇ ਐਸੀਆਂ ਟ੍ਰਾਂਜ਼ੈਕਸ਼ਨਾਂ ਕਰਨ ਵਾਲਾ ਕਾਰਡਹੋਲਡਰ ਆਪਣੇ ਆਪ ਨੂੰ ਫ਼ਾਰੇਨ ਐਕਸਚੇਂਜ ਮੈਨੇਜਮੈਂਟ ਐਕਟ (ਐਫ਼ਈਐਮਏ), 1999 ਦੀ ਉਲੰਘਣਾ ਕਰਨ ਲਈ ਕਾਨੂੰਨੀ ਕਾਰਵਾਈ ਦਾ ਭਾਗੀ ਬਣਾਏਗਾ, ਅਤੇ ਨਾਲ ਹੀ ਨੋ ਯੂਅਰ ਕਸਟਮਰ (ਕੇਵਾਈਸੀ) ਮਾਪਦੰਡਾਂ/ਐਂਟੀ ਮਨੀ ਲਾਂਡਰਿੰਗ (ਏਐਮਐਲ) ਮਾਪਦੰਡਾਂ ਦੀ ਉਲੰਘਣਾ ਕਰਨ ਦਾ ਜ਼ਿੰਮੇਵਾਰ ਹੋਏਗਾ। ਯੈੱਸ ਬੈਂਕ ਕ੍ਰੈਡਿਟ ਕਾਰਡ ਦੇ ਉਪਯੋਗ ਵਜੋਂ ਪੈਦਾ ਹੋਣ ਵਾਲਾ ਐਕਸਚੇਂਜ ਕੰਟਰੋਲ ਰੈਗੂਲੇਸ਼ਨਜ਼ ਦਾ ਉਲੰਘਣ ਪੂਰੀ ਤਰ੍ਹਾਂ ਵਿਅਕਤੀਗਤ ਯੈੱਸ ਬੈਂਕ ਕ੍ਰੈਡਿਟ ਕਾਰਡਮੈਂਬਰ ਦੀ ਹੀ ਜ਼ਿੰਮੇਵਾਰੀ ਹੈ।
- ਇੰਟਰਨੈਸ਼ਨਲ ਕ੍ਰੈਡਿਟ ਕਾਰਡਜ਼ ਮਨਾਹ ਕੀਤੀਆਂ ਚੀਜ਼ਾਂ ਲਈ ਜਿਵੇਂ ਕਿ ਲਾਟਰੀ ਟਿਕਟਾਂ, ਮਨਾਹ ਕੀਤੇ ਮੈਗਜ਼ੀਨਾਂ ਦੀ ਖ਼ਰੀਦ, ਸਵੀਪਸਟੇਕਸ ਵਿੱਚ ਭਾਗ ਲੈਣਾ, ਕਾਲ ਬੈਕ ਸੇਵਾਵਾਂ ਲਈ ਅਦਾਇਗੀ ਅਤੇ/ਜਾਂ ਐਸੀਆਂ ਚੀਜ਼ਾਂ/ਸਰਗਰਮੀਆਂ ਜਿਸ ਲਈ ਕਿਸੇ ਫ਼ਾਰੇਨ ਐਕਸਚੇਂਜ ਨੂੰ ਕਢਾਉਣ ਦੀ ਮਨਾਹੀ ਹੈ, ਨਹੀਂ ਵਰਤੇ ਜਾ ਸਕਦੇ।

<table>
<tr><th colspan="7">ਸ਼ਡਿਊਲ ਆਫ਼ ਚਾਰਜਜ਼ – ਯੈੱਸ ਬੈਂਕ ਕ੍ਰੈਡਿਟ ਕਾਰਡਜ਼</th></tr>
<tr><td></td><td colspan="6">ਯੈੱਸ ਫ਼ਸਟ : ਪ੍ਰੈਫ਼ਰਡ/ਐਨਆਰਆਈ ਲਈ ਪ੍ਰੈਫ਼ਰਡ/ਫ਼ਿਕਸਡ ਡਿਪਾਜ਼ਿਟ ਵਿਰੁੱਧ ਇਸ਼ੂ ਕੀਤਾ ਗਿਆ ਪ੍ਰੈਫ਼ਰਡ/ਐਕਸਕਲੂਸਿਵ/ਐਨਆਰਆਈ ਲਈ ਐਕਸਕਲੂਸਿਵ/ਬਿਜ਼ਨਸ</td></tr>
<tr><td>ਜਾਇਨਿੰਗ ਫ਼ੀਸ</td><td colspan="6">ਕੁਝ ਨਹੀਂ</td></tr>
<tr><td>ਸਾਲਾਨਾ ਮੈਂਬਰਸ਼ਿਪ ਫ਼ੀਸ (ਪਹਿਲਾ ਸਾਲ ਤੇ ਸਵੀਨੀਕਰਨ)</td><td colspan="6">ਪ੍ਰੈਫ਼ਰਡ/ਐਨਆਰਆਈ ਲਈ ਪ੍ਰੈਫ਼ਰਡ/ਫ਼ਿਕਸਡ ਡਿਪਾਜ਼ਿਟ ਵਿਰੁੱਧ ਇਸ਼ੂ ਕੀਤਾ ਗਿਆ ਪ੍ਰੈਫ਼ਰਡ: ₹2500/, ਐਕਸਕਲੂਸਿਵ/ਐਨਆਰਆਈ ਲਈ ਐਕਸਕਲੂਸਿਵ: ₹10,000/–, ਬਿਜ਼ਨਸ: ₹5000 + ਟੈਕਸ, ਜਿਵੇਂ ਲਾਗੂ (ਪਹਿਲੇ ਸਾਲ ਲਈ, ਫ਼ੀਸ ਪਹਿਲੀ ਸਟੇਟਮੈਂਟ ਵਿੱਚ ਚਾਰਜ ਕੀਤੀ ਜਾਂਦੀ ਹੈ। ਹਰ ਨਵੀਨੀਕਰਨ ਲਈ, ਨਵੀਨੀਕਰਨ ਤੋਂ ਬਾਅਦ ਪਹਿਲੀ ਸਟੇਟਮੈਂਟ ਵਿੱਚ ਸਲਾਨਾ ਫ਼ੀਸ ਚਾਰਜ ਕੀਤੀ ਜਾਂਦੀ ਹੈ)</td></tr>
<tr><td>ਸਾਲਾਨਾ ਚਾਰਜਜ਼ ਉੱਤੇ ਵੇਵਰ ਲਈ ਖ਼ਰਚੇ ਦੀਆਂ ਸ਼ਰਤਾਂ।<br>(ਸਿਰਫ਼ ਰੀਟੇਲ ਖ਼ਰਚੇ ਦੀਆਂ ਟ੍ਰਾਂਜ਼ੈਕਸ਼ਨਾਂ 'ਤੇ ਲਾਗੂ)</td><td colspan="6">ਲਾਗੂ ਨਹੀਂ</td></tr>
<tr><td>ਵਿਆਜ ਮੁਕਤ ਮਿਆਦ</td><td colspan="6">50 ਦਿਨਾਂ ਤਕ</td></tr>
<tr><td>ਘੱਟੋਘੱਟ ਰਕਮ ਡਿਊ (ਐਮਏਡੀ)</td><td colspan="6">ਸਟੇਟਮੈਂਟ ਅਨੁਸਾਰ ਕੁੱਲ ਡਿਊ ਰਕਮ ਦਾ ਘੱਟੋਘੱਟ 5% ਜਾਂ ₹200, ਜੋ ਵੀ ਉਚੇਰਾ ਹੋਵੇ</td></tr>
<tr><td>ਕੈਸ਼ ਅਡਵਾਂਸ ਸੀਮਾ</td><td colspan="6">ਕ੍ਰੈਡਿਟ ਸੀਮਾ ਦਾ 30%</td></tr>
<tr><td>ਐਡ–ਆਨ ਕਾਰਡ ਫ਼ੀਸ</td><td colspan="6">ਕੋਈ ਜਾਇਨੰਗ ਫ਼ੀਸ ਨਹੀਂ, ਕੋਈ ਸਾਲਾਨਾ ਫ਼ੀਸ ਨਹੀਂ<br>(ਅਧਿਕਤਮ 3 ਐਡ–ਆਨ ਕਾਰਡਾਂ ਤਕ ਇਸ਼ੂ ਕੀਤੇ ਜਾ ਸਕਦੇ ਹਨ)</td></tr>
<tr><td>ਰੀਵਾਲਵਿੰਗ ਕ੍ਰੈਡਿਟ, ਕੈਸ਼ ਅਡਵਾਂਸ ਅਤੇ/ਜਾਂ ਓਵਰਡਿਊ ਰਕਮ 'ਤੇ ਫ਼ਾਇਨਾਂਸ ਚਾਰਜਜ਼</td><td colspan="6">ਐਕਸਕਲੂਸਿਵ/ਐਨਆਰਆਈ ਲਈ ਐਕਸਕਲੂਸਿਵ: ਯੈੱਸ ਬੈਂਕ ਦੇ ਸੇਵਿੰਗਜ਼ ਜਾਂ ਸੈਲਰੀ ਖਾਤਾ ਧਾਰਕਾਂ ਲਈ: 1.20% ਪ੍ਰਤੀ ਮਹੀਨਾ (ਯਾਨੀ 14.40% ਵਾਰਸ਼ੀਕ੍ਰਿਤ) ਦੂਜੇ: 1.99% ਪ੍ਰਤੀ ਮਹੀਨਾ (ਯਾਨੀ 23.88% ਵਾਰਸ਼ੀਕ੍ਰਿਤ)<br>ਪ੍ਰੈਫ਼ਰਡ/ਐਨਆਰਆਈ ਲਈ ਪ੍ਰੈਫ਼ਰਡ: ਯੈੱਸ ਬੈਂਕ ਦੇ ਸੇਵਿੰਗਜ਼ ਜਾਂ ਸੈਲਰੀ ਖਾਤਾ ਧਾਰਕਾਂ ਲਈ: 1.99% ਪ੍ਰਤੀ ਮਹੀਨਾ (ਯਾਨੀ 23.88% ਵਾਰਸ਼ੀਕ੍ਰਿਤ) ਦੂਜੇ: 2.75% ਪ੍ਰਤੀ ਮਹੀਨਾ (ਯਾਨੀ 33.00% ਵਾਰਸ਼ੀਕ੍ਰਿਤ)<br>ਫ਼ਿਕਸਡ ਡਿਪਾਜ਼ਿਟ ਵਿਰੁੱਧ ਇਸ਼ੂ ਕੀਤਾ ਗਿਆ ਪ੍ਰੈਫ਼ਰਡ: 1.79% ਪ੍ਰਤੀ ਮਹੀਨਾ (ਯਾਨੀ 21.48% ਵਾਰਸ਼ੀਕ੍ਰਿਤ)<br>ਬਿਜ਼ਨਸ ਕਾਰਡਜ਼: ਯੇਸ ਬੈਂਕ ਦੇ ਕਰੰਟ/ਸੇਵਿੰਗਜ਼/ਬਿਜ਼ਨਸ ਅਕਾਊਂਟ ਹੋਲਡਰਾਂ ਲਈ: 1.99% ਪ੍ਰਤੀ ਮਹੀਨਾ (ਯਾਨੀ 23.88% ਵਾਰਸ਼ੀਕ੍ਰਿਤ) ਦੂਜੇ: 2.75% ਪ੍ਰਤੀ ਮਹੀਨਾ (ਯਾਨੀ 33.00% ਵਾਰਸ਼ੀਕ੍ਰਿਤ)</td></tr>
<tr><td rowspan="2">ਲੇਟ ਪੇਮੈਂਟ ਚਾਰਜਜ਼ (ਐਲਪੀਸੀ)<br>(ਸਟੇਟਮੈਂਟ ਬੈਲੇਂਸ ਅਨੁਸਾਰ, ਪ੍ਰਤੀ ਸਟੇਟਮੈਂਟ)</td><td>ਸਟੇਟਮੈਂਟ ਬੈਲੇਂਸ ਲਈ</td><td>< ₹100</td><td>₹101–500</td><td>₹501–5,000</td><td>₹5,001–20,000</td><td>> ₹20,000</td></tr>
<tr><td>ਐਲਪੀਸੀ</td><td>ਕੁਝ ਨਹੀਂ</td><td>₹100</td><td>₹400</td><td>₹500</td><td>₹700</td></tr>
<tr><td>ਓਵਰਲਿਮਿਟ ਫ਼ੀਸ</td><td colspan="6">ਓਵਰਲਿਮਿਟ ਰਕਮ ਦਾ 2.5% ਜਾਂ ₹500, ਜੋ ਵੀ ਵੱਧ ਹੋਵੇ।</td></tr>
<tr><td>ਕੈਸ਼ ਅਡਵਾਂਸ ਫ਼ੀਸ</td><td colspan="6">ਕਢਾਈ ਰਕਮ ਦਾ 2.5% ਜਾਂ ₹300, ਜੋ ਵੀ ਵੱਧ ਹੋਵੇ।</td></tr>
<tr><td>ਪੇਮੈਂਟ ਰੀਟਰਨ ਚੈੱਕ: ਚੈੱਕ/ਆਟੋ ਪੇ</td><td colspan="6">₹350 (ਚੈੱਕ ਜਾਂ ਆਟੋ ਪੇ ਰੀਟਰਨ ਦਾ ਪ੍ਰਤੀ ਮੁੱਦਾ)</td></tr>
<tr><td>ਰੀਵਾਰਡ ਰੀਡੈਂਪਸ਼ਨ ਫ਼ੀਸ</td><td colspan="6">₹100 ਪ੍ਰਤੀ ਭੁਨਾਉਣ ਦਰਖ਼ਾਸਤ (ਐਕਸਕਲੂਸਿਵ/<br>ਐਨਆਰਆਈ ਲਈ ਐਕਸਕਲੂਸਿਵ ਲਈ ਮੁਆਫ਼)।</td></tr>
<tr><td>ਫ਼ਿਊਲ ਸਰਚਾਰਜ ਵੇਵਰ (ਫ਼ਿਊਲ ਸਰਚਾਰਜ ਉੱਤੇ ਲਗਾਏ ਸਰਵਿਸ ਟੈਕਸ ਅਤੇ ਹੋਰ ਸੈੱਸ ਮਨਸੂਖ ਨਹੀਂ ਕੀਤੇ ਜਾਣਗੇ) ਭਾਰਤ ਵਿੱਚ ਸਾਰੇ ਫ਼ਿਊਲ ਸਟੇਸ਼ਨਾਂ ਵਿਖੇ।</td><td colspan="6">ਸਿਰਫ਼ ₹400/– ਤੋਂ ₹5,000/– ਵਿਚਕਾਰ ਟ੍ਰਾਂਜ਼ੈਕਸ਼ਨ ਲਈ ਵੈਧ। ਇਕ ਸਟੇਟਮੈਂਟ ਸਾਈਕਲ ਵਿੱਚ ਅਧਿਕਤਮ ਸਰਚਾਰਜ ਵੇਵਰ (ਪ੍ਰੈਫ਼ਰਡ/ਐਨਆਰਆਈ ਲਈ ਪ੍ਰੈਫ਼ਰਡ/ਫ਼ਿਕਸਡ ਡਿਪਾਜ਼ਿਟ ਵਿਰੁੱਧ ਇਸ਼ੂ ਕੀਤਾ ਗਿਆ ਪ੍ਰੈਫ਼ਰਡ: ₹500 ਐਕਸਕਲੂਸਿਵ/ਐਨਆਰਆਈ ਲਈ ਐਕਸਕਲੂਸਿਵ/ਬਿਜ਼ਨਸ: ₹1000/–)</td></tr>
<tr><td>ਗਵਾਚੇ, ਚੋਰੀ ਹੋਏ ਜਾਂ ਖ਼ਰਾਬ ਹੋਏ ਕਾਰਡ ਰੀਇਸ਼ੂ ਕਰਨਾ</td><td colspan="6">₹100 (ਪ੍ਰਤੀ ਰੀਇਸ਼ੂਏਂਸ)</td></tr>
<tr><td>ਫ਼ਾਰੇਨ ਕਰੰਸੀ ਤਬਾਦਲੇ ਦੇ ਚਾਰਜਜ਼</td><td colspan="6">1.75%</td></tr>
<tr><td>ਆਊਟਸਟੇਸ਼ਨ ਚੈੱਕ ਪ੍ਰੋਸੈਸਿੰਗ ਫ਼ੀਸ</td><td colspan="6">₹25 (ਪ੍ਰਤੀ ਆਊਟਸਟੇਸ਼ਨ ਚੈੱਕ)</td></tr>
<tr><td>ਡੁਪਲੀਕੇਟ ਸਟੇਟਮੈਂਟ (6 ਮਹੀਨੇ ਤੋਂ ਵੱਧ ਪੁਰਾਣੀ ਸਟੇਟਮੈਂਟ)</td><td colspan="6">₹100 ਪ੍ਰਤੀ ਸਟੇਟਮੈਂਟ</td></tr>
<tr><td>ਕ੍ਰੈਡਿਟ ਕਾਰਡ ਭੁਗਤਾਨ ਲਈ ਵਾਈਬੀਐਲ ਬ੍ਰਾਂਚਾਂ 'ਤੇ ਨਕਦ ਜਮ੍ਹਾ</td><td colspan="6">₹100 (01/01/2017 ਨੂੰ ਜਾਂ ਬਾਅਦ ਵਿੱਚ ਨਕਦ ਜਮ੍ਹਾ ਕਰਾਉਣ 'ਤੇ ਚਾਰਜ ਕੀਤਾ ਜਾਏਗਾ)</td></tr>
<tr><td>ਰੇਲਵੇ ਟਿਕਟ ਖ਼ਰੀਦਣ ਜਾਂ ਕੈਂਸਲ ਕਰਨ ਲਈ ਚਾਰਜਜ਼</td><td colspan="6">ਜਿਵੇਂ ਕਿ ਆਈਆਰਸੀਟੀਸੀ/ਭਾਰਤੀ ਰੇਲਵੇ ਦੁਆਰਾ ਤਜਵੀਜ਼ ਕੀਤੀ ਗਿਆ</td></tr>
<tr><td>ਗੁਡਜ਼ ਅਤੇ ਸਰਵਿਸ ਟੈਕਸ (ਜੀਐਸਟੀ)</td><td colspan="6">18% (ਸਭ ਫ਼ੀਸਾਂ ਅਤੇ ਚਾਰਜਜ਼ ਉੱਤੇ ਲਾਗੂ)</td></tr>
</table>

ਯੈੱਸ ਬੈਂਕ

www.yesbank.in


**ਯੈੱਸ ਬੈਂਕ ਲਿਮਿਟੇਡ**

ਵਨ ਇੰਡੀਆ ਬੁੱਲਜ਼ ਪਾਰਕ, ਨੰ. 14, 3ਜੀ ਮੇਨ ਰੋਡ, ਅੰਬਾਤੂਰ ਇੰਡਸਟਰੀਅਲ ਇਸਟੇਟ, ਅੰਬਾਤੂਰ, ਚੇੱਨਈ - 600058

24x7 ਯੈੱਸ ਟੱਚ ਕਸਟਮਰ ਕੇਅਰ ਨੰਬਰ :

1800 103 6000 (ਮੋਬਾਈਲ ਅਤੇ ਲੈਂਡਲਾਈਨਾਂ ਲਈ ਭਾਰਤ ਵਿੱਚ ਟੋਲ ਫ੍ਰੀ)

+91 22 4935 0000 (ਜਦ ਕਾਲ ਭਾਰਤ ਤੋਂ ਬਾਹਰੋਂ ਕੀਤੀ ਜਾਏ)

ਵੇਬਸਾਈਟ : www.yesbank.in

ਈਮੇਲ ਪਤਾ : yesfirstcc@yesbank.in


v2.0